# ਸਰਦੂਲ ਸੰਖੇਪ ਲਿੱਪੀ

ਅਰਥਾਤ

# ਪੰਜਾਬੀ ਸ਼ਾਰਟ ਹੈਂਡ

ਪ੍ਰੋ: ਜੋਗਿੰਦਰ ਸਿੰਘ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

Gyani Rattan Singh Gyani
109

ਸਭ ਹੱਕ ਰਾਖਵੇਂ ਹਨ

# ਸਰਦੂਲ ਸੰਖੇਪ ਲਿੱਪੀ

ਅਰਥਾਤ

# ਪੰਜਾਬੀ ਸ਼ਾਰਟ ਹੈਂਡ

ਪ੍ਰੋ: ਜੋਗਿੰਦਰ ਸਿੰਘ

ਸਿੰਘ ਬ੍ਰਦਰਜ਼,
ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ.

Sri Satguru Jagjit Singh Ji Elibrary NamdhariElibrary@gmail.com

# ਧੰਨਵਾਦ !

ਮੈਂ ਸ. ਸ. ਅਮੋਲ ਜੀ ਪ੍ਰਿੰਸੀਪਲ ਗੁਰੂ ਰਾਮਦਾਸ ਕਾਲਜ ਅੰਮ੍ਰਿਤਸਰ, ਸ਼੍ਰੀ ਧਰਮ ਪਾਲ ਤੇ ਪ੍ਰੋ: ਤਾਰਨ ਸਿੰਘ ਜੀ ਦਾ ਦਿਲੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਹਮੇਸ਼ਾ ਆਪਣੀ ਕੀਮਤੀ ਰਾਏ ਦੇ ਕੇ ਮੇਰੀ ਹੌਸਲਾ ਅਫ਼ਜ਼ਾਈ ਕੀਤੀ।

Sri Satguru Jagjit Singh Ji Elibrary NamdhariElibrary@gmail.com

"ਵੀਰ ਸਰਦੂਲ ਤੇ ਅਣ-ਖਿਲੀ ਕਲੀ
'ਬਿਲ' ਦੀ ਅਭੁੱਲ ਯਾਦ ਨੂੰ।"

Sri Satguru Jagjit Singh Ji Elibrary NamdhariElibrary@gmail.com

੧

"ਕੀ ਮੈਂ ਆਸ ਕਰ ਸਕਦਾ ਹਾਂ ਕਿ ਜਿਨ੍ਹਾਂ ਨੂੰ ਇਹ ਕਿਤਾਬ ਪੜ੍ਹਨ ਦਾ ਮੌਕਾ ਮਿਲੇਗਾ ਉਹ ਇਸ ਸੰਬੰਧੀ ਆਪਣੀ ਸੁਤੰਤਰ ਰਾਇ ਲੇਖਕ ਨੂੰ ਲਿਖਣ ਦੀ ਕ੍ਰਿਪਾਲਤਾ ਕਰਨਗੇ।"

ਸ: ਸਰਦੂਲ ਸਿੰਘ ਇਨਸਟੀ ਟੀਊਸ਼ਨ
੪੫੪੦/੯ ਕਟੜਾ ਖ਼ਜ਼ਾਨਾ,
ਅੰਮ੍ਰਿਤਸਰ.

ਨਾਮ ________________________________

ਪਤਾ ________________________________

ਸੁਤੰਤਰ ਰਾਇ

Sri Satguru Jagjit Singh Ji Elibrary NamdhariElibrary@gmail.com

# ਮਨੋਰਥ

"..............ਤਿੰਨ ਵਰ੍ਹਿਆਂ ਦੀ ਸਖ਼ਤ ਮਿਹਨਤ ਦਾ ਸਿੱਟਾ ਪੰਜਾਬੀ ਪਿਆਰਿਆਂ ਦੀ ਸੇਵਾ ਵਿਚ ਪੇਸ਼ ਕਰ ਰਿਹਾ ਹਾਂ, ਜੇਕਰ ਇਹ ਪੰਜਾਬੀ ਦੀ ਕੁਝ ਵੀ ਸੇਵਾ ਕਰ ਸਕੇ ਤਾਂ ਮੈਂ ਆਪਣਾ ਮਨੋਰਥ ਸਫਲ ਹੋਇਆ ਸਮਝਾਂਗਾ.........."

ਅੰਮ੍ਰਿਤਸਰ
੧੬-੧੨-੪੮

ਜੋਗਿੰਦਰ ਸਿੰਘ

Sri Satguru Jagjit Singh Ji Elibrary NamdhariElibrary@gmail.com

# ਅਰੰਭ ਕਰਨ ਤੋਂ ਪਹਿਲਾਂ

੧. ਖੁਲ੍ਹੀ ਲਕੀਰ ਦੀ ਕਾਪੀ ਵਰਤਨੀ ਚਾਹੀਦੀ ਹੈ। ਖ਼ਾਸ ਸ਼ਾਰਟਹੈਂਡ (ਸੰਖੇਪ ਲਿਪੀ) ਲਈ ਕਾਪੀਆਂ ਮਿਲ ਜਾਂਦੀਆਂ ਹਨ।

੨. ਸਰਦੂਲ ਸੰਖੇਪ ਲਿਪੀ ਪਿੰਸਲ ਜਾਂ ਪੈਨ ਦੋਹਾਂ ਨਾਲ ਲਿਖੀ ਜਾ ਸਕਦੀ ਹੈ ਪਰ ਲੇਖਕ ਐਚ. ਬੀ. ਦੀ ਪਿੰਸਲ ਦੀ ਵਰਤੋਂ ਦੀ ਸਿਫਾਰਸ਼ ਕਰਦਾ ਹੈ।

੩. ਪਿੰਸਲ ਬਰੀਕ ਘੜੀ ਹੋਣੀ ਚਾਹੀਦੀ ਹੈ।

੪. ਸਰਦੂਲ ਸੰਖੇਪ ਲਿਪੀ **ਜਲਦੀ ਸਿਖਣ ਲਈ** ਇਸ ਦੇ ਇਕ ਇਕ ਚਿਨ੍ਹ ਨੂੰ ਪਹਿਲਾਂ ਸਮਝਣ ਦਾ ਯਤਨ ਕਰੋ। ਫਿਰ ਕਈ ਕਈ ਵਾਰੀ ਲਿਖੋ।

੫. ਸਰਦੂਲ ਸੰਖੇਪ ਲਿਪੀ ਲਿਖਣ ਲਈ ਜਿੰਨਾ ਵੀ ਵਕਤ ਦੇਵੋ ਨੀਯਮ ਅਨੁਸਾਰ। ਇਕ ਦਿਨ ਦੋ ਘੰਟੇ ਲਾ ਦਿਤੇ ਦੂਜੇ ਦਿਨ ਛੁਟੀ। ਇਹ ਤਰੀਕਾ ਗ਼ਲਤ ਹੈ। ਭਾਵੇਂ ਥੋੜ੍ਹੇ ਤੋਂ ਥੋੜ੍ਹਾ ਵਕਤ ਦੇਵੋ ਪਰ ਰੋਜ਼ਾਨਾ।

੬. ਚਿਨ੍ਹਾਂ ਦੇ ਲਿਖਣ ਢੰਗ ਵਲ ਸ਼ੁਰੂ ਸ਼ੁਰੂ ਵਿਚ ਧਿਆਨ ਦੇਣ ਦੀ ਖਾਸ ਲੋੜ ਹੈ। ਇਹ ਚਿਨ੍ਹ ਮੱਧਮ, ਗੂੜ੍ਹੇ,

Sri Satguru Jagjit Singh Ji Elibrary NamdhariElibrary@gmail.com

ਲੀਕ ਤੋਂ ਉਪਰ, ਲੀਕ ਤੇ ਅਰ ਲੀਕ ਦੇ ਵਿਚ ਦੀ ਲਿਖੇ ਜਾਂਦੇ ਹਨ।

੭. ਸਰਦੂਲ ਸੰਖੇਪ ਲਿਪੀ ਦੇ ਚਿਨ੍ਹਾਂ ਦੀ ਲੰਬਾਈ ⅛" ਹੈ।

੮. ਸਰਦੂਲ ਸੰਖੇਪ ਲਿਪੀ (ਸ਼ਾਰਟ ਹੈਂਡ) ਆਵਾਜ਼ ਦੇ ਅਧਾਰ ਤੇ ਲਿਖੀ ਜਾਂਦੀ ਹੈ। ਅੱਖਰ ਜੋੜਾਂ ਤੇ ਨਹੀਂ।

੯. ਹਰਫ ਆਪ ਹੀ ਸੰਖੇਪ ਹਨ। ਇਸ ਲਈ ਸਰਦੂਲ ਸੰਖੇਪ ਲਿਪੀ ਵਿਚ ਇਨ੍ਹਾਂ ਦਾ ਕੋਈ ਸੰਖੇਪ ਚਿਨ੍ਹ ਨਹੀਂ।

੧੦. ਬਾਣੀ ਨੂੰ ਸੰਖੇਪ ਲਿਪੀ ਵਿਚ ਲਿਖਣ ਦਾ ਯਤਨ ਨ ਕੀਤਾ ਜਾਏ। ਕੀਉਂ ਜੋ ਫਿਰ ਇਸਦਾ ਲਿਪੀ ਵਿਚ ਸ਼ੁਧ ਉਲਥਾ ਹੋਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ।

## ੧੧. ਰਫਤਾਰ ਹਾਸਲ ਕਰਨ ਲਈ:—

(੧) ਕਾਪੀ ਦੇ ਇਕ ਪਾਸੇ ਹੀ ਲਿਖੋ। ਖਤਮ ਹੋ ਜਾਣ ਪਰ ਉਸ ਨੂੰ ਪਰਤਾ ਲਵੋ ਤੇ ਫਿਰ ਦੂਜੇ ਪਾਸੇ ਲਿਖਣਾ ਸ਼ੁਰੂ ਕਰ ਦੇਵੋ।

(੨) ਜਿਸ ਸਫੇ ਤੇ ਲਿਖ ਰਹੇ ਹੋਵੋ ਉਸ ਦੇ ਥਲਵੇਂ ਖ਼ਬੇ ਹੱਥ ਵਲ ਦੇ ਕਨਾਰੇ ਨੂੰ ਖਬੇ ਹਥ ਦੇ ਅੰਗੂਠੇ ਤੇ ਨਾਲ ਦੀ ਉਂਗਲੀ ਨਾਲ ਫੜ-ਕੇ ਰਖੋ। ਇਵੇਂ ਪਰਤਨ ਸਮੇਂ ਆਸਾਨੀ ਹੋਵੇਗੀ ਤੇ ਸਮੇਂ ਦੀ ਬਚਤ ਵੀ।

(੩) ਸਜੇ ਹੱਥ (ਜਿਹੜੇ ਸੱਜਣ ਖਬੇ ਹੱਥ ਨਾਲ ਲਿਖਦੇ ਹਨ ਉਨ੍ਹਾਂ ਦੇ ਖੱਬੇ ਹੱਥ) ਦਾ ਅਰਕ ਤੇ ਗੁਟ ਦੇ

Sri Satguru Jagjit Singh Ji Elibrary NamdhariElibrary@gmail.com

ਵਿਚਲਾ ਹਿੱਸਾ ਮੇਜ਼ ਦੇ ਕਨਾਰੇ ਤੇ ਠਹਿਰਨਾ ਚਾਹੀਦਾ ਹੈ । ਇਵੇਂ ਬਾਂਹ ਆਸਾਨੀ ਨਾਲ ਗਰਦਸ਼ ਕਰ ਸਕਦੀ ਹੈ ਤੇ ਲਿਖਣ ਵਿਚ ਬੜਾ ਆਰਾਮ ਰਹੇਗਾ ।

---

## ਧਿਆਨ ਜੋਗ

ਜਿਥੇ ਕਿਥੇ ਵੀ ਕਿਸੇ ਸਜਣ ਨੂੰ ਸਰਦੂਲ ਸੰਖੇਪ ਲਿਪੀ ਬਾਰੇ ਕੋਈ ਔਕੜ ਪੇਸ਼ ਆਏ ਤਾਂ ਉਹ ਲੇਖਕ ਨੂੰ ਲਿਖਣ ਦੀ ਕ੍ਰਿਪਾਲਤਾ ਕਰਨ । ਉਨ੍ਹਾਂ ਦੀ ਹਰ ਮੁਮਕਨ ਸਹਾਇਤਾ ਕਰਨੀ ਲੇਖਕ ਆਪਣਾ ਇਖਲਾਕੀ ਫਰਜ਼ ਸਮਝਦਾ ਹੈ ।

Sri Satguru Jagjit Singh Ji Elibrary NamdhariElibrary@gmail.com

# ਕਾਂਡ ੧

## ਅੱਖਰ

ਸਰਦੂਲ ਸੰਖੇਪ ਲਿਪੀ ਨਿਯਮਾਂ ਅਨੁਸਾਰ ਗੁਰਮੁਖੀ ਲਿਪੀ ਦੇ ਅੱਖਰਾਂ ਨੂੰ ਤਿੰਨਾਂ ਹਿੱਸਿਆਂ ਵਿਚ ਵੰਡਿਆ ਗਿਆ ਹੈ।

(ੳ) ਉਹ ਜੋ ਮਾਤ੍ਰਿਕ ਆਵਾਜ਼ ਦੇਂਦੇ ਹਨ ਤੇ ਆਪਣੀ ਕੋਈ ਸੁਤੰਤ੍ਰ ਆਵਾਜ਼ ਨਹੀਂ ਦੇਂਦੇ।

(ਅ) ਉਹ ਜੋ ਆਪਣੀ ਸੁਤੰਤ੍ਰ ਅਵਾਜ਼ ਦੇਂਦੇ ਹਨ।

(ੲ) ਉਹ ਜੋ ਆਪਣੀ ਸੁਤੰਤ੍ਰ ਆਵਾਜ਼ ਵੀ ਦੇਂਦੇ ਹਨ ਤੇ ਮਾਤ੍ਰਿਕ ਅਵਾਜ਼ ਵੀ।

ਇਸ ਕਾਂਡ ਵਿਚ ਕੇਵਲ ਦੂਜੀ ਸ਼੍ਰੇਣੀ ਦੇ ਅੱਖਰਾਂ ਦਾ ਹੀ ਵਰਨਣ ਕੀਤਾ ਜਾਏਗਾ। ਉਨ੍ਹਾ ਅੱਖਰਾਂ ਦੇ ਚਿਨ੍ਹ ਇਹ ਹਨ:-

| ਕ | ਖ | ਗ | ਘ | ਚ | ਛ | ਜ | ਝ |
|---|---|---|---|---|---|---|---|
| — | — | ( | ( | / | / | ) | ) |

Sri Satguru Jagjit Singh Ji Elibrary NamdhariElibrary@gmail.com

ਟ ਠ ਡ ਢ ਤ ਥ ਦ ਧ ਪ



ਫ ਬ ਭ ਮ ਯ ਰ ਲ ਵ ੜ



ਸ਼ ਨਣ



ਸਰਦੂਲ ਸੰਖੇਪ ਲਿਪੀ ਦੇ ਚਿਨ੍ਹ ਸਜੇ ਹਥ ਵਲ ਤੇ ਉਪਰੋਂ ਹੇਠਾਂ ਵਲ ਲਿਖੇ ਜਾਂਦੇ ਹਨ। ਪਰ ਰ ਲ ੜ ਨਣ ਹੇਠੋਂ ਉਪਰ ਵਲ ਲਿਖੇ ਜਾਣਗੇ।

ਸਰਦੂਲ ਸੰਖੇਪ ਲਿਪੀ ਨਿਯਮਾਂ ਅਨੁਸਾਰ **ਨਣ** ਦੀ ਆਵਾਜ਼ ਵਿਚ ਕੋਈ ਮਤ ਭੇਦ ਨਹੀਂ ਇਸ ਕਰਕੇ ਦੋਵੇਂ ਇਕੋ ਚਿਨ੍ਹ ਨਾਲ ਹੀ ਲਿਖ ਜਾਣਗੇ।

ਹੇਠ ਲਿਖੇ ਦੋਵੇਂ ਚਿਨ੍ਹ ਬਹੁਤ ਘਟ ਵਰਤੋਂ ਵਿਚ ਆਉਂਦੇ ਹਨ।

ਞ  ਙ

ਦੋ ਜਾਂ ਵਧੇਰੇ ਅੱਖਰਾਂ ਦੇ ਜੋੜਾਂ ਨੂੰ ਬਿਨਾਂ ਪਿੰਸਲ ਚੁਕੇ ਜੋੜ ਕੇ ਲਿਖਿਆ ਜਾ ਸਕਦਾ ਹੈ। ਜਿਵੇਂ :—

Sri Satguru Jagjit Singh Ji Elibrary NamdhariElibrary@gmail.com



ਕਰ ਟਲ ਦਸ ਟਸਕ ਟਕਰ ਤਕ



ਮਖ ਚਕ ਚਰ ਮਲ ਪਸ ਕਸਮ



## ਜ਼ਰੂਰੀ

ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਹਰ ਕਾਂਡ ਨਾਲ ਦਿਤੀਆਂ ਗਈਆਂ ਮਸਾਲਾਂ ਵਾਂਗ ਹੋਰ ਸ਼ਬਦ ਵੀ ਕਈ ਕਈ ਵਾਰੀ ਲਿਖਣ।

## ਅਭਿਆਸ ੧

ਇਨ੍ਹਾਂ ਅੱਖਰਾਂ ਨੂੰ ਸਰਦੂਲ ਸੰਖੇਪ ਲਿਪੀ ਵਿਚ ਲਿਖੋ।

ਕ ਮ ਪ ਰ ਲ ੜ ਵ ਖ
ਟ ਤ ਛ ਨ ਫ ਲ ਸ ਦ ਬ ਧ
ਠ ਫ ਲ ਬ ਤ ਡ ਲ ੜ ਢ ਪ
ਸ ਮ ਯ ਰ ਤ ਵ ਦ ਲ

Sri Satguru Jagjit Singh Ji Elibrary NamdhariElibrary@gmail.com

## ਅਭਿਆਸ ੨

ਹੇਠ ਲਿਖੇ ਚਿਨ੍ਹਾਂ ਨੂੰ ਗੁਰਮੁਖੀ ਲਿਪੀ ਵਿਚ ਲਿਖੋ।



## ਅਭਿਆਸ ੩

ਸਰਦੂਲ ਸੰਖੇਪ ਲਿਪੀ ਵਿਚ ਲਿਖੋ ।

ਕਲ ਜਜ ਮਤ ਮਲ ਪਲ ਦਰ
ਦਸ ਝਮੰਕ ਝਲਕ ਗਰਜ ਪਥਰ ਮਖ ਜਗ
ਚਜ ਜਰ

## ਅਭਿਆਸ ੪

ਗੁਰਮੁਖੀ ਲਿਪੀ ਵਿਚ ਲਿਖੋ ।



Sri Satguru Jagjit Singh Ji Elibrary NamdhariElibrary@gmail.com

# ਕਾਂਡ ੨

## ਮਾਤਰਾਂ

ਕੋਈ ਲਿਪੀ ਵੀ ਮਾਤਰਿਕ (ਸਹਾਇਕ) ਚਿਨ੍ਹਾਂ ਤੋਂ ਬਿਨਾਂ ਨਹੀਂ ਲਿਖੀ ਜਾ ਸਕਦੀ ਅੰਗਰੇਜ਼ੀ ਲਿਪੀ ਵਿਚ ਇਨ੍ਹਾਂ ਮਾਤਰਾਂ ਨੂੰ ਵਾਵਲਜ਼ ਕਹਿੰਦੇ ਹਨ ਤੇ ਹਿੰਦੀ ਗੁਰਮੁਖੀ ਆਦਿ ਵਿਚ ਮਾਤਰਾਂ ਕਹਿਆ ਜਾਂਦਾ ਹੈ। ਇਨ੍ਹਾਂ ਮਾਤਰਾਂ ਨੂੰ ਦਰਸਾਉਣ ਲਈ ਸੰਖੇਪ ਲਿਪੀ ਵਿਚ ਵੀ ਚਿਨ੍ਹ ਹਨ ਜਿਨ੍ਹਾਂ ਨੂੰ ਵਿਸਥਾਰ ਨਾਲ ਇਸ ਅਗਲੇ ਤੇ ਉਸ ਤੋਂ ਅਗਲੇ ਕਾਂਡਾਂ ਵਿਚ ਲਿਖਿਆ ਗਿਆ ਹੈ। ੯

ਸੰਖੇਪ ਲਿਪੀ ਨੀਯਮਾਂ ਅਨੁਸਾਰ ਮਾਤਰਾਂ ਨੂੰ ਦੋ ਹਿਸਿਆਂ ਵਿਚ ਵੰਡਿਆ ਗਿਆ ਹੈ।

(੧) ਵਡੀ ਆਵਾਜ਼ ਦੀਆਂ ਮਾਤਰਾਂ—
ਾ ੀ ੇ ੈ ੋ ੌ ਂ

(੨) ਛੋਟੀ ਆਵਾਜ਼ ਦੀਆਂ ਮਾਤਰਾਂ ਿ ੁ

Sri Satguru Jagjit Singh Ji Elibrary NamdhariElibrary@gmail.com

ਸ਼ ਇਸ ਦਾ ਚਿਨ੍ਹ ਇਕ ਚੱਕਰ ਹੈ ਇਹ ਚੱਕਰ ਸ਼ੁਰੂ ਵਿਚਕਾਰ ਅਖ਼ੀਰ ਸਾਰੀਆਂ ਹਾਲਤਾਂ ਵਿਚ ਅੱਖਰ ਚਿਨ੍ਹਾਂ ਨਾਲ ਜੁੜਵਾਂ ਲਗਦਾ ਹੈ।

ਮਾ ਵਾ ਪਾ ਬਾ ਰਾ ਲਾ ਮਾਮਾ ਦਾਦਾ ਪਾਪਾ



ਬਾਬਾ ਚਾਚਾ ਲਾਲਾ ਬਾਜ਼ ਖ਼ਾਕ ਦਾਮ ਜਾਮ ਲਾਖ।



ੂ ਇਸ ਦਾ ਚਿਨ੍ਹ ਕੁੰਡੀ ਹੈ ਇਹ ਕੁੰਡੀ ਅਰੰਭ ਵਿਚਕਾਰ ਤੇ ਅੰਤ ਸਾਰੀਆਂ ਹਾਲਤਾਂ ਵਿਚ ਜੁੜਵੀਂ ਲਿਖੀ ਜਾਂਦੀ ਹੈ। ਜਿਵੇਂ:- ਬੂ ਬੂਟਾ ਸੂ ਸੂਰ ਸੂਰਜ ਸਰੂਰ



ਸਰੂ ਸੂਟਾ ਬੂਟ ਪਟੂ ਮਸੂਲ ਪਸਰੂਰ ਫੂਕ ਕੂਕ।



ੋ ੌ ਸੰਖੇਪ ਲਿਪੀ ਨਿਯਮਾਂ ਅਨੁਸਾਰ ਇਨ੍ਹਾਂ ਨੂੰ ਇਕ ਚਿਨ੍ਹ ਨਾਲ ਹੀ ਲਿਖਿਆ ਜਾਏਗਾ। ਇਸ ਦਾ ਚਿਨ੍ਹ ਕੌਣ ਹੈ। ਇਹ ਕੌਣ ਅਰੰਭ ਵਿਚਕਾਰ ਤੇ ਅਖ਼ੀਰ ਸਾਰੀਆਂ ਹਾਲਤਾਂ ਵਿਚ ਜੁੜਵੀਂ ਲਿਖੀ ਜਾਂਦੀ ਹੈ। ਜਿਵੇਂ:-

Sri Satguru Jagjit Singh Ji Elibrary NamdhariElibrary@gmail.com

ਸੋ ਸੋਜ ਸੋਚ   ਸੋਮਾ ਸੋਜਾ ਫੋਜ ਸੋਕ ਕੋਲ



ਕੌਲਾ ਮੌਲਾ ਕੌਮਾਂ ਕੌਣ ਕਲੋਲ।



ੀ (੧) ਅਰੰਭ ਵਿਚ ਕਿਸੇ ਸ਼ਬਦ ਦੇ ਪਹਿਲੇ ਅੱਖਰ ਨਾਲ ਆਏ ਤਾਂ ਉਸ ਅੱਖਰ ਨੂੰ ਲੀਕ–ਵਿਚ ਦੀ ਲਿਖਿਆ ਜਾਂਦਾ ਹੈ। ਕ ਖ ਮ ਲੀਕ ਤੋਂ ਥਲੇ ਚਲੇ ਜਾਂਦੇ ਹਨ ਤੇ ਪ ਫ ਲੀਕ ਤੋਂ ਉਪਰ ਆ ਜਾਂਦੇ ਹਨ।

ਵੀਰ ਲੀਰ ਭੀਰ ਪੀਠ ਪੀੜ ਨੀਰ ਘੀਸ



ਫੀਸ ਲੀਕ ਦੀਪਕ ਦੀਵਾ ਤੀਲ ਕੀਲ ਮੀਲ।



## (੨) ਵਿਚਕਾਰ ਤੇ ਅਖੀਰ ਵਿਚ:–

ਇਸ ਨੂੰ ਇਕ ਟਿਕ ਨਾਲ ਲਿਖਿਆ ਜਾਂਦਾ ਹੈ। ਸ਼ਬਦ ਦੇ ਜਿਸ ਅੱਖਰ ਨਾਲ ੀ ਆਏ ਉਸ ਅੱਖਰ ਚਿਨ੍ਹ ਨਾਲ ਇਕ ਨਿਕੀ ਟਿਕ ਲਾ ਕੇ ੀ ਨੂੰ ਦਰਸਾਇਆ ਜਾਂਦਾ

Sri Satguru Jagjit Singh Ji Elibrary NamdhariElibrary@gmail.com

ਹੈ।

ਪਟੀ ਪਤੀ ਕਲੀ ਮਲੀ ਖਰੀ ਪਰੀ ਮਰੀ ਚੀਚੀ



ਖਲੀਰ ਦਲਗੀਰ ਛਕੀਰ ।



## ਅਭਿਆਸ ੫

ਸਰਦੂਲ ਸੰਖੇਪ ਲਿਪੀ ਵਿਚ ਲਿਖੋ–

(ੳ) ਕਾਲਾ, ਤਾਰ, ਲਾਲ, ਮਾਫ, ਲਾਲਾ, ਸਦਾ, ਕਰਾੜ, ਰਾ, ਮਾ, ਦਾਮ, ਬਾਲ, ਚਾਚਾ, ਲਾਰਾ, ਦਾਲ, ਲਾਮਾ, ਕਾਲ, ਕਾਮਾ।

(ਅ) ਦੂਰ, ਸਰੂ, ਬੂਟ, ਜੂਠ, ਸੂਤ, ਸੂਰ, ਫੂਕ, ਪੂਛਲ।

(ੲ) ਲੀਕ, ਕੀਲ, ਲੀਰ, ਲੀੜਾ, ਪਾੜੀ, ਵਾਰੀ, ਠੀਕ, ਕੀ।

(ਸ) ਸੋਮਵਾਰ, ਕੋਟ, ਗੋਲ, ਚੋਰ, ਮੌਲਾ, ਮੋਰ, ਫੋਲ, ਬੋਲੋ।

Sri Satguru Jagjit Singh Ji Elibrary NamdhariElibrary@gmail.com

## ਅਭਿਆਸ ੬

ਵਡੀ ਤੇ ਛੋਟੀ ਆਵਾਜ਼ ਦੀਆਂ ਮਾਤਰਾਂ ਕਿਹੜੀਆਂ ਕਿਹੜੀਆਂ ਹਨ।

## ਅਭਿਆਸ ੭

ਗੁਰਮੁਖੀ ਲਿਪੀ ਵਿਚ ਲਿਖੋ।



Sri Satguru Jagjit Singh Ji Elibrary NamdhariElibrary@gmail.com

# ਕਾਂਡ ੩

ਇਸ ਦਾ ਚਿਨ੍ਹ ਅਧੀ ਕੁੰਡੀ ਹੈ। ਅਰੰਭ ਅੰਤ ਤੇ ਵਿਚਕਾਰ ਸਾਰੀਆਂ ਹਾਲਤਾਂ ਵਿਚ ਜੁੜਵੀਂ ਲਿਖੀ ਜਾਂਦੀ ਹੈ।

ਕੇ ਕੇਲਾ ਬੇਰ ਏਕ ਦੇਰੀ ਧੇਲਾ ਖੇਡ ਸੇਕ



ਮੇਲਾ ਤੇਲੀ ਪੇਟੀ ਲੇਟ।



ਇਸ ਦਾ ਚਿਨ੍ਹ ਦਾਤਰੀ ਸ਼ਕਲ ਦੀ ਕੁੰਡੀ ਹੈ। ਇਸ ਦੀ ਕੁੰਡੀ ਦੀ ਕੁੰਡੀ ਤੋਂ ਦੁਗਣੀ ਹੈ। ਦੀ ਕੁੰਡੀ ਅੱਖਰ ਚਿਨ੍ਹਾਂ ਨਾਲ ਸ਼ੁਰੂ ਵਿਚਕਾਰ ਤੇ ਆਖੀਰ ਸਾਰੀਆਂ ਹਾਲਤਾਂ ਵਿਚ ਜੁੜਵੀਂ ਲਿਖੀ ਜਾਂਦੀ ਹੈ।

Sri Satguru Jagjit Singh Ji Elibrary NamdhariElibrary@gmail.com

ਸੈਲੀ ਮੈਲ ਪੈਰ ਵੈਰੀ ਖੈਰ ਮੈਲੀ ਵੈਰ ਲੈਰ



ਬੈਠਕ ਐਤਵਾਰ ਮੈਲਾ ਪੈਰ ਵੈਲਥ



_ ਿ ਇਹ ਦੋਵੇਂ ਮਾਤਰਾਂ ਜਿਥੇ ਸ਼ਬਦਾਂ ਦੇ ਪਹਿਲੇ ਅੱਖਰਾਂ ਨਾਲ ਆਵਣ ਤਾਂ ਉਨ੍ਹਾਂ ਸ਼ਬਦਾਂ ਦੇ ਪਹਿਲੇ ਅੱਖਰਾਂ ਦੇ ਚਿਨ ਲੀਕ ਤੋਂ ਉਪਰ ਲਿਖੇ ਜਾਣਗੇ।

ਸਿਖ ਲਿਖ ਮਿਤਰ ਵਿਚ ਇਸਲਾਮ ਮਿਲ



ਉਨ ਦੁਖਤ ਮੁਰ ਮੁੜ ਦੁਰ ਤੁਰੀ ਤੁਰ ਮੁਲ।



ਕਿਸੇ ਸ਼ਬਦ ਦੇ ਵਿਚਕਾਰ ਯਾਂ ਆਖੀਰ ਵਿਚ ਆਏ ਤਾਂ ਸੰਖੇਪ ਲਿਪੀ ਵਿਚ ਇਸ ਨੂੰ ਨਹੀਂ ਲਿਖਿਆ ਜਾਂਦਾ। ਭਾਵ ਛਡ ਦਿਤਾ ਜਾਂਦਾ ਹੈ।

ਿ ਕਿਸੇ ਸ਼ਬਦ ਦੇ ਵਿਚਕਾਰ ਆਏ ਤਾਂ ਇਹਨੂੰ ਸੰਖੇਪ ਲਿਪੀ ਵਿਚ ਨਹੀਂ ਲਿਖਿਆ ਜਾਂਦਾ। ਕਈ ਹਾਲਤਾਂ ਵਿਚ ` ਦੀ ਆਵਾਜ਼ ਦੇਂਦੀ ਹੈ। ਕਿਉਂ ਜੋ ਸੰਖੇਰ ਲਿਪੀ ਆਵਾਜ਼ ਦੇ ਅਧਾਰ ਤੇ ਲਿਖੀ ਜਾਂਦੀ ਹੈ।

Sri Satguru Jagjit Singh Ji Elibrary NamdhariElibrary@gmail.com

ਇਸ ਲਈ ਉਥੇ ਿ ਨੂੰ ˜ ਦੇ ਚਿਨ੍ਹ ਨਾਲ ਹੀ ਲਿਖਿਆ ਜਾਏਗਾ। ਇਵੇਂ ਹੀ ਿ ਵਿਚਕਾਰ ਤੇ ਆਖੀਰ ਵਿਚ ਕਈ ਥਾਵਾਂ ਤੇ ੈ ਦੀ ਆਵਾਜ਼ ਦੇਂਦੀ ਹੈ ਓਥੇ ˜ ਦੇ ਚਿਨ੍ਹ ਨਾਲ ਹੀ ਲਿਖੀ ਜਾਏਗੀ। ਪਰ ਹ ਦਾ ਚਿਨ੍ਹ ਨਹੀਂ ਲਿਖਿਆ ਜਾਂਦਾ।

ਕਿ ਕਿਹਾ ਕਹਿ ਕਰਹਿ ਮਹਿਲ ਪਹਿਰਾ



ਮਹਿਰਾ ਟਹਿਲ।



ੌ ਵਖ ਵਖ ਥਾਵਾਂ ਤੇ ਵਖ ਵਖ ਆਵਾਜ਼ ਦੇਂਦੀ ਹੈ। ਇਸ ਲਈ ਇਸ ਨੂੰ ਅਡਰੇ ਅਡਰੇ ਢੰਗਾਂ ਨਾਲ ਹੀ ਲਿਖਿਆ ਜਾਂਦਾ ਹੈ।

੧. ਮ ਦੀ ਆਵਾਜ਼ ਦੇਵੇ ਤਾਂ ਇਸ ਨੂੰ ਮ ਦੇ ਚਿਨ ਨਾਲ ਹੀ ਲਿਖਿਆ ਜਾਏ।

ਬੰਬ ਅੰਬ ਅੰਬਰ ਚੰਬੇਲੀ

੨. ਨ ਦੀ ਆਵਾਜ਼ ਦੇਵੇ ਤਾਂ ਨ ਦੇ ਚਿਨ੍ਹ ਨਾਲ। (ਅਗੇ ਚਲ ਕੇ ਨ ਸੰਖੇਪ ਹੋ ਜਾਂਦਾ ਹੈ। ਨ ਦੇ ਸੰਖੇਪ ਨਿਯਮ ਵੀ ਇਸ ਤੇ ਲਾਗੂ ਹਨ)

ਦੰਦ ਅੰਗ ਅੰਗਰੇਜ਼ ਬੰਦਾ

੩. ੌ ਜੇਕਰ ੂ ਮਾਤਰ ਨਾਲ ਆਏ ਤਾਂ ੌ ਨੂੰ ਲਿਖਣ ਲਈ ੂ ਦੇ ਮਾਤ੍ਰਿਕ ਚਿਨ੍ਹ ਨੂੰ ਗੂੜ੍ਹਾ ਕੀਤਾ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਨੂੰ ਪੂੰਜ ਧੂੰ ਰੂੰ ਕੂੰਜ

੪. ਜਿਥੇ ਕੋਈ ਸੁਤੰਤਰ ਆਵਾਜ਼ ਨਾ ਦੇਵੇ ਉਥੇ ਸੰਖੇਪ ਲਿਪੀ ਵਿਚ ਇਸ ਨੂੰ ਨਹੀਂ ਲਿਖਿਆ ਜਾਂਦਾ।

ਚੁੰਮ ਚੁੰਨੀ ਕੰਮ ਕੰਨ ਕੰਮੀ

੫. ਜਿਥੇ ਨ ਦੀ ਆਵਾਜ਼ ਦੇਵੇ ਤੇ ਨ ਯਾਂ ਣ ਨਾਲ ਆਏ ਤਾਂ ਨ ਦੇ ਚਿਨ੍ਹ ਨੂੰ ਗੂੜ੍ਹਾ ਕਰ ਦਿਤਾ ਜਾਂਦਾ ਹੈ। ਭਾਵ ਨ ਦਾ ਗੂੜ੍ਹਾ ਚਿਨ੍ਹ ਨ+ਨ ਦੀ ਆਵਾਜ਼ ਦੇਂਦਾ ਹੈ।

ਨ ਯਾਂ ਣ ਦੋਵੇਂ ਇਕੱਠੇ ਆਵਣ ਤਾਂ ਵੀ ਨ ਦੇ ਚਿਨ੍ਹ ਨੂੰ ਗੂੜ੍ਹਾ ਕਰ ਕੇ ਹੀ ਲਿਖੇ ਜਾਂਦੇ ਹਨ।

ਨੰਨ੍ਹ ਨਣਤੀ ਨਿੰਦਾ ਨਿੰਦਰਾ

## ਬਿੰਦੀ

ਆਪਣੀ ਕੋਈ ਸੁਤੰਤਰ ਆਵਾਜ਼ ਨਹੀਂ ਦਿੰਦੀ। ਮਾਤ੍ਰਾਂ ਨਾਲ ਰਲ ਕੇ ਉਹਨਾਂ ਦੀ ਆਵਾਜ਼ ਭਾਰੀ ਕਰਦੀ ਹੈ। ਇਸ ਨੂੰ ਲਿਖਣ ਲਈ ਮਾਤਰਾਂ ਦੇ ਚਿਨ੍ਹਾਂ ਨੂੰ ਗੂੜ੍ਹਾ ਕੀਤਾ ਜਾਂਦਾ ਹੈ।

ਮਾਂ ਕਾਂ ਭ੍ਰਾਂ ਚੀਂ ਗਾਂ ਥਾਂ ਯਾਂ ਮੀਂ ਜੋਂ ਦੋਂ ਟੋਂ



ਸ਼ਬਦ ਦੇ ਵਿਚਕਾਰ ਆਏ ਤਾਂ ਇਸ ਨੂੰ ਲਿਖਣ ਦੀ ਕੋਈ ਅਵਸ਼ਕਤ ਨਹੀਂ।

ਕਾਂਮੀ ਗੋਂਦ ਕੇਂਦਰ ਟੋਂਕ ਜਾਂਬੀ



Sri Satguru Jagjit Singh Ji Elibrary NamdhariElibrary@gmail.com

# ਸ਼ਬਦ ਚਿਨ੍ਹ

ਅੱਖਰਾਂ ਦੇ ਚਿਨ੍ਹਾਂ ਵਾਂਗ ਆਮ ਵਰਤੋਂ ਵਿਚ ਆਉਣ ਵਾਲੇ ਖਾਸ ਖਾਸ ਸ਼ਬਦਾਂ ਦੇ ਵੀ ਚਿਨ੍ਹ ਨੀਅਤ ਕੀਤੇ ਗਏ ਹਨ। ਇਨ੍ਹਾਂ ਦਾ ਚੰਗੀ ਤਰ੍ਹਾਂ ਅਭਿਆਸ ਹੋਣਾ ਅਵਸ਼ਕ ਹੈ।

ਆਪਣੀ ਰੋਜ਼ ਦੀ ਵਰਤੋਂ ਦੇ ਖਾਸ ਖਾਸ ਸ਼ਬਦਾਂ ਦੇ ਚਿਨ ਆਪ ਵੀ ਨੀਅਤ ਕਰ ਸਕਦੇ ਹੋ। ਪਰ ਇਸ ਗਲ ਦਾ ਖ਼ਿਆਲ ਜ਼ਰੂਰੀ ਹੈ ਕਿ ਗੁਰਮੁਖੀ ਲਿਪੀ ਵਿਚ ਲਿਖਣ ਸਮੇਂ ਉਹ ਚਿਨ੍ਹ ਬਖੂਬੀ ਪੜ੍ਹੇ ਜਾ ਸਕਣ। ਇਸ ਤੋਂ ਛੁਟ ਰੋਜ਼ ਦੀ ਵਰਤੋਂ ਦੇ ਚਿਨ੍ਹ ਛਡੇ ਵੀ ਜਾ ਸਕਦੇ ਹਨ। ਪਰ ਲਿਪੀ ਵਿਚ ਲਿਖਣ ਸਮੇਂ ਉਹ ਜ਼ਰੂਰ ਲਿਖੇ ਜਾਣ।

ਦਾ'ਦੇ ਦੀ ਹੀ ਈ ਹੈ ਨਹੀਂ ਹਾਂ ਹਾਂ ਜ਼ੀ
ਜ਼ੀ ਹਾਂ ਨੂੰ ਨੇ ਨ, ਨੀਂ ਨੀ ਇਹ ਓਹ ਹੋ
ਨ੍ਹਾਲ ਵੱਲ ਸੇਵਾ ਵਿਖੇ ਵਲੋਂ ਵਿਰ ਸੀ
ਸਨ ਹਨ ।

ਨੋਟ:— [illegible]

ਅਭਿਆਸ ੯

ਗੁਰਮੁਖੀ ਲਿਪੀ ਵਿਚ ਲਿਖੋ।

Sri Satguru Jagjit Singh Ji Elibrary NamdhariElibrary@gmail.com



## ਅਭਿਆਸ ੯

ਸੰਖੇਪ ਲਿਪੀ ਵਿਚ ਲਿਖੋ।

ਮੁਸ਼ਕ, ਮੇਲ, ਦੇਰ ਮੈਲਾ, ਤੋਰੀ, ਮੂਲ, ਪੇਟੀ, ਟਿਕਟ, ਲੇਟ. ਏਠਕ, ਉਠ, ਮਹਿਲ, ਪਹਿਰਾ, ਪਹਿਲ, ਮਹਿਰਾ, ਟਹਿਲ, ਟਹਿਲੀ, ਕਰਹਿ, ਜੇਠ, ਜੇਲ, ਪੈਸਾ, ਲੇਬਲ, ਟੇਬਲ, ਟੈਰ, ਟਰੈਕਟ, ਤੁਰ, ਧੁਰ, ਮਗ।

## ਅਭਿਆਸ ੧੦

ਗੁਰਮੁਖੀ ਲਿਪੀ ਵਿਚ ਲਿਖੋ।



## ਅਭਿਆਸ ੧੧

ਸੰਖੇਪ ਲਿਪੀ ਵਿਚ ਲਿਖੋ।

ਬੰਦਾ ਤੁੰਦ ਰੂੰ ਕੂੰ ਮੂੰ ਨੂੰ ਪੂੰਜ ਜੂੰ ਲੂੰ ਚੰਮ ਚੁੰਨੀ ਕੰਮ ਬੰਬ ਚੰਬੇ ਚੰਦ ਕੰਮੀ ਨਿੰਦਾ।

Sri Satguru Jagjit Singh Ji Elibrary NamdhariElibrary@gmail.com

## ਅਭਿਆਸ ੧੨

"ਮਹਿਲ" ਸ਼ਬਦ ਨੂੰ  ਕਰ ਕੇ ਲਿਖਿਆ ਜਾਂਦਾ ਹੈ। ਕਿਉਂ ? ਹਿ ਨੂੰ ` ਦੇ ਚਿਨ੍ਹ ਨਾਲ ਕਿਸ ਨਿਯਮ ਅਨੁਸਾਰ ਲਿਖਿਆ ਜਾਂਦਾ ਹੈ।

## ਅਭਿਆਸ ੧੩

ਸੰਖੇਪ ਲਿਪੀ ਵਿਚ ਲਿਖੋ।

ਟੀਂ ਛਾਂ ਲਾਵਾਂ ਮਾਂ ਤਾਂ ਟੀਂ ਹੈਂ ਮੈਂ ਸੌਂ ਕੇਂਦਰ ਟੈਂਕ ਮਾਰੀਂ ਗਾਂ ਮੈਂਡਕ ਖਾਂਦੀ।

## ਅਭਿਆਸ ੧੪

ਗੁਰਮੁਖੀ ਲਿਪੀ ਵਿਚ ਲਿਖੋ।



## ਅਭਿਆਸ ੧੫

ਵਿਚ, ਇਹ, ਹੈਂ, ਦਾ, ਜੀ ਹਾਂ, ਸੀ, ਓਹ ਹੋ, ਹਾਂ ਜੀ, ਦੇ, ਦੀ, ਨਾਲ, ਸਨ, ਈ, ਹੀ, ਹੈ, ਨਹੀਂ, ਨ, ਨਾਲ, ਸਨ, ਨਾਲੇ, ਵਲ, ਵਲੋਂ, ਹਨ, ਨੀ. ।

Sri Satguru Jagjit Singh Ji Elibrary NamdhariElibrary@gmail.com

# ਕਾਂਡ ੪

## ੳ ਅ ੲ

ੳ ਅ ੲ ਦੀ ਥਾਂ ਗੁਰਮੁਖੀ ਲਿੱਪੀ ਵਿਚ ਉਹ ਹੈ ਜੋ ਅੰਗਰੇਜ਼ੀ ਵਿੱਚ ਵਾਵਲਜ਼ ਦੀ ਹੈ। ਇਹ ਆਪਣੀ ਕੋਈ ਸੁਤੰਤ੍ਰ ਆਵਾਜ਼ ਨਹੀਂ ਦਿੰਦੇ। ਕੇਵਲ ਮਾਤ੍ਰਿਕ (ਸਹਾਇਕ) ਆਵਾਜ਼ਾਂ ਹੀ ਦੇਂਦੇ ਹਨ। ਕੇਵਲ ਅ ਮੁਕਤਾ ਹੋਣ ਕਰ ਕੇ ਸੁਤੰਤਰ ਆਵਾਜ਼ ਦੇਂਦਾ ਹੈ।

ੳ ਅ ੲ ਜਿਸ ਮਾਤਰ ਦੀ ਆਵਾਜ਼ ਦੇਣ ਉਸੇ ਦੇ ਚਿਨ੍ਹ ਨਾਲ ਹੀ ਲਿਖੇ ਜਾਂਦੇ ਹਨ।

ਆ ਆਪ ਆਮ ਆਖੁ ਅੂਬ

ਇ ਇ੍ਰਸ ਇਕ ਇਲ ਇਕ

ਈ ਈਸ਼ਵਰ ਈਸਾ ਈਕ੍ਰ ਈਸ

ਉ ਉਨ੍ਹ ਉੱਕ ਉਸ ਉਮ ਉਕਰੁ

ਊ ਊਠ ਊਤ ਊਲਮਾ ਊ

ਏ ਏੜਾ ਏਕ ਏਸ ਏਰੁ ਏ

ਐ ਐਬ ਐਦਾਂ ਐਪਰ ਐਤਵਾਰ ਐ

ਓ ਔ ਓਹੋ ਓਲ੍ਹੇ ਔਦਾ ਔਕਾ ਔਰਤ ਔ

ਅੰ ਆਂ ਜਾਂ ਲਾਂ ਤਾਂ ਸੰਗ ਅੰਗੀ

Sri Satguru Jagjit Singh Ji Elibrary NamdhariElibrary@gmail.com

# ਅ ਮੁਕਤਾ

ਇਸ ਨੂੰ ਲਿਖਣ ਲਈ ਸ਼ਬਦ ਦੇ ਆਰੰਭ ਵਿਚ ਇਕ ਟਿਕ ਲਾਈ ਜਾਂਦੀ ਹੈ ਤੇ ਸ਼ਬਦ ਦੇ ਪਹਿਲੇ ਅੱਖਰ ਦੇ ਚਿਨ੍ਹ ਨੂੰ ਲੀਕ ਤੋਂ ਉਪਰ ਲਿਖਿਆ ਜਾਂਦਾ ਹੈ।

ਅਬ ਅਲ ਅਕ ਅਪਰ ਅਪੜ



ਅਪਰਮ ਅਲਖ ਅਵਤੀ ਅਵਤਾਰ ਅਲਾ



ਹ ਗੁਰਮੁਖੀ ਲਿਪੀ ਤੇ ਪੰਜਾਬੀ ਬੋਲੀ ਵਿਚ ਇਕੋ ਇਕ ਅੱਖਰ ਹੈ ਜੋ ਆਪਣੀ ਸੁਤੰਤਰ ਆਵਾਜ਼ ਵੀ ਦੇਂਦਾ ਹੈ ਤੇ ਮਾਤ੍ਰਿਕ (ਸਹਾਇਕ) ਆਵਾਜ਼ ਵੀ।

ਸਰਦੂਲ ਸੰਖੇਪ ਲਿਪੀ ਵਿਚ ਹ ਦਾ ⌐ ਚਿਨ੍ਹ ਹੈ।

ਹਤਕ ਹਸਦ ਹਮਲ ਹਸਾਬ ਹੁਕਮ ਹੁਲੜ



ਹੌਲੀ ਹੌਸਲਾ ਹੋਕਾ ਹੋ ਹੈ ਹੀ ਹੂੰ ਹੁ ਹਾ।



ਹ ਅੰਤ ਯਾ ਵਿਚਕਾਰ ਬਿਨਾ ਕਿਸੇ ਮਾਤਰ ਦੇ ਆਏ ਤਾਂ ਇਸ ਨੂੰ ਸੰਖੇਪ ਲਿਪੀ ਵਿਚ ਨਹੀਂ ਲਿਖਿਆ ਜਾਂਦਾ। ਜੇ ਕਰ ਕਿਸੇ ਮਾਤਰ ਨਾਲ ਆਏ ਤਾਂ ਉਸ ਮਾਤਰ

ਦੇ ਚਿਨ੍ਹ ਨਾਲ (ਕਿਉਂ ਜੋ ਉਸ ਸਮੇਂ ਇਸ ਦੀ ਆਵਾਜ਼ ਸਹਾਇਕ ਹੋਵੇਗੀ)।

ਕੜਾਹ ਪ੍ਰਵਾਹ ਲਾਹ ਟੈਹਲ ਪੈਹਲ ਪੌਹਲ



ਮੋਹਰ ਲੋਹੜ ਕੜ੍ਹਾਈ ਪੀੜ੍ਹੀ।



## ਸ਼ਬਦ-ਚਿਨ੍ਹ ੨

ਕਾ-ਕੇ ਕੀ ਕੋਈ ਹੋਇਆ ਹੋਈਆਂ ਤਾਂ ਤੇ ਅਤੇ ਤੂੰ ਤੈਨੂੰ ਵਿਚ ਮੈਂ ਮੈਨੂੰ ਮੇਰਾ ਮੇਰੇ ਮੇਰੀ ਮੇਰੀਆਂ ਮੇਰਿਆਂ ਆ ਹਾਂ ਆਂ ਆਇ ਆਪ ਆਉਣਾ ਆਇਆ ਆਇਆਂ ਮੈਂਬਰ

## ਅਭਿਆਸ ੧੬

ਸੰਖੇਪ ਲਿਪੀ ਵਿਚ ਲਿਖੋ।

ਆਲ, ਆਮ, ਆਪ, ਆਤਰ, ਇਮਾਮ, ਇਕ ਈਸ਼ਵਰ, ਈਨਾ, ਊਠ, ਊਤ, ਉਕ, ਉਸ, ਉਕਰ, ਏਸ, ਏਕ, ਏਕਾ, ਐਦਕੀਂ, ਐਪਰ, ਉਹਲੇ, ਔਰਤ, ਔਦਾ, ਅੜਬ, ਅਮਰ, ਅਪੜ, ਅਲੋਪ, ਅਲਖ, ਹਟਕ, ਹੁਲਾ, ਹੂੰ, ਹੇ, ਹਾਂ, ਹੌਲੀ, ਹੌਲੀ, ਹਾਲਟ,

Sri Satguru Jagjit Singh Ji Elibrary NamdhariElibrary@gmail.com

ਹਮਲ, ਹਦ, ਹਸਦ, ਹਕ।

## ਅਭਿਆਸ ੧੭

ਗੁਰਮੁਖੀ ਲਿਪੀ ਵਿਚ ਲਿਖੋ।



## ਅਭਿਆਸ ੧੮

ਗੁਰਮੁਖੀ ਲਿਪੀ ਵਿਚ ਲਿਖੋ।



Sri Satguru Jagjit Singh Ji Elibrary NamdhariElibrary@gmail.com

# ਕਾਂਡ ੫

## ਵਿਸਰਾਮ ਚਿਨ੍ਹ

ਗੁਰਮੁਖੀ ਦੀਆਂ ਪ੍ਰਾਚੀਨ ਪੁਸਤਕਾਂ ਵਿਚ ਵਿਸਰਾਮ ਲਈ ਕੇਵਲ । (ਫੁਲ ਸਟਾਫ਼) ਹੀ ਵਰਤੋਂ ਵਿਚ ਆਂਦਾ ਗਿਆ ਹੈ। ਪਰ ਨਵੀਂ ਸ਼੍ਰੇਣੀ ਦੇ ਪੰਜਾਬੀ ਲੇਖਕ, ਸਪੀਕਰ ਤੇ ਵਪਾਰੀ ਉਹ ਸਾਰੇ ਵਿਸਰਾਮ ਚਿਨ੍ਹ ਵਰਤਨੇ ਜ਼ਰੂਰੀ ਸਮਝਦੇ ਹਨ ਜਿਹੜੇ ਕਿ ਅੰਗਰੇਜ਼ੀ ਵਿਚ ਵਰਤੇ ਜਾਂਦੇ ਹਨ।

। ਰੋਕ (Full Stop)

? ਪ੍ਰਸ਼ਨ ਚਿਨ੍ਹ

! ਪਰਸੰਸਾ ਤੇ ਅਸਚਰਜਤਾ ਦਾ ਚਿਨ੍ਹ

, ਕਾਮਾ ; ਅੱਧੀ ਠੱਹਿਰ

" ਪੁੱਠੇ ਕਾਮੇ (Inverted Commas)

: ਹਦ ; ਨਵਾਂ ਪੈਰਾ।

## ( ˘ ) ਅਧਕ

ਕੋਈ ਸੁਤੰਤਰ ਆਵਾਜ਼ ਨਹੀਂ ਦੇਂਦੀ ਇਸ ਲਈ ਸੰਖੇਪ ਲਿਪੀ ਨਿਯਮਾਂ ਅਨੁਸਾਰ ਇਸ ਨੂੰ ਲਿਖਿਆ ਨਹੀਂ ਜਾਂਦਾ। ਪਰ ਜਦ ਸੰਖੇਪ ਲਿਪੀ ਤੋਂ ਗੁਰਮੁਖੀ ਲਿਪੀ ਵਿਚ ਲਿਖਿਆ ਜਾਏ ਤਾਂ ਅਧਕ ਦੀ ਵਰਤੋਂ ਜ਼ਰੂਰੀ ਹੈ।

## ਨਾਂ ਸ਼ਹਿਰ ਥਾਵਾਂ ਆਦਿ

ਸ਼ਹਿਰਾਂ ਥਾਵਾਂ, ਨਾਵਾਂ ਆਦਿ ਨੂੰ ਲਿਖਣ ਲਈ ਕੋਈ ਵੱਖਰਾ ਨਿਯਮ ਨਹੀਂ ਹੈ। ਓਸੇ ਤਰ੍ਹਾਂ ਲਿਖੇ ਜਾਣਗੇ ਜਿਵੇਂ ਦੂਜੇ ਸ਼ਬਦ ਲਿਖੇ ਜਾਂਦੇ ਹਨ। ਪਰ ਇਹਨਾਂ ਨੂੰ ਸਪਸ਼ਟ ਕਰਨ ਲਈ **ਥੱਲੇ ਲੀਕ** ਕੀਤਾ ਜਾਂਦਾ ਹੈ।

ਕਾਲੀ (ਨਾ)  ਕਾਲੀ (ਰੰਗ)  ਅਮਰ (ਕਾਲ ਰਹਿਤ)  ਅਮਰ (ਨਾ)  ਚਰਨ (ਪੈਰ)  ਚਰਨ (ਨਾ)  ਜੀਵਾਂ (ਜ਼ਿੰਦਾ ਰਹਾਂ)  ਜੀਵਾਂ (ਨਾਂ) 

## ਪੈਰੀਂ ਅੱਖਰ

ਗੁਰਮੁਖੀ ਲਿਪੀ ਤੇ ਪੰਜਾਬੀ ਬੋਲੀ ਵਿਚ ਹ ਵ ਤੇ ਰ ਦੂਜੇ ਅੱਖਰਾਂ ਦੇ ਪੈਰੀਂ ਆ ਕੇ ਆਪਣੀ ਸੁਤੰਤਰ ਮਧਮ ਤੇ ਚੁਪ ਆਵਾਜ਼ ਦੇਂਦੇ ਹਨ।

### ੧. ਵ ੍ਰ

ਇਹ ਪੈਰੀਂ ਆ ਕੇ ਵੀ ਆਪਣੀ ਸੁਤੰਤਰ ਆਵਾਜ਼ ਦੇਂਦੇ ਹਨ। ਇਸ ਲਈ ਸੰਖੇਪ ਲਿਪੀ ਨਿਯਮਾਂ ਅਨੁਸਾਰ ਇਹਨਾਂ ਨੂੰ ਇਹਨਾਂ ਦੇ ਚਿਨ੍ਹਾਂ ਨਾਲ ਹੀ ਲਿਖਿਆ ਜਾਏ।

ਜਿਵੇਂ-ਸ੍ਵੈ ਹ੍ਵੈ ਲ੍ਵੈ ਸ੍ਵਰਨ ਇੰਦ੍ਰ ਜਿੰਦ੍ਰ ਚੰਦ੍ਰ

## ਨੋਟ

ਕਿਸੇ ਅੱਖਰ ਦੇ ਪੈਰੀਂ ਦੂਜਾ ਅੱਖਰ ਆਏ ਤਾਂ ਉਸ ਅੱਖਰ ਦੀ ਮਾਤਰ ਪੈਰ ਦੇ ਅੱਖਰ ਨਾਲ ਸੰਬੰਧਤ ਹੁੰਦੀ ਹੈ। ਇਸ ਲਈ ਉਸ ਦਾ ਜ ਵੀ ਚਿਨ੍ਹ ਹੋਏ ਪੈਰ ਵਾਲੇ ਅੱਖਰ ਨਾਲ ਲਗੇਗਾ।

ਹ ਪੈਰੀਂ ਆ ਕੇ ਮਧਮ ਜਾਂ ਚੁਪ ਆਵਾਜ਼ ਦੇਂਦਾ ਹੈ। ਇਸ ਲਈ ਇਸ ਨੂੰ ਸੰਖੇਪ ਲਿਪੀ ਵਿਚ ਨਹੀਂ ਲਿਖਿਆ ਜਾਂਦਾ।

ਚੜ੍ਹ ਪੜ੍ਹ ਮੜ੍ਹ ਲੜ੍ਹ ਦੜ੍ਹ ਹੜ੍ਹ ਲੜ੍ਹਾਈ



## ਬਿੰਦੀ ਅੱਖਰ

ਫ਼ਾਰਸੀ ਤੇ ਸੰਸਕ੍ਰਿਤ ਦੇ ਭਾਰੀ ਆਵਾਜ਼ ਦੇ ਸ਼ਬਦਾਂ ਦੀ ਆਵਾਜ਼ ਨੂੰ ਦਰਸਾਉਣ ਲਈ ਗੁਰਮੁਖੀ ਦੇ **ਸ ਖ ਗ ਜ ਫ** ਬਲੇ ਬਿੰਦੀ ਲਾਈ ਜਾਂਦੀ ਹੈ। ਖ਼ ਗ਼ ਜ਼ ਫ਼ ਨੂੰ ਖ ਗ ਜ ਫ (ਤਰਤੀਬ ਵਾਰ) ਦੇ ਚਿਨ੍ਹਾਂ ਨਾਲ ਹੀ

Sri Satguru Jagjit Singh Ji Elibrary NamdhariElibrary@gmail.com

ਲਿਖਿਆ ਜਾਏ। ਕਿਉਂ ਜੋ ਇਹਨਾਂ ਦੀਆਂ ਆਵਾਜ਼ਾਂ ਸੰਖੇਪ ਲਿਪੀ ਨਿਯਮਾਂ ਅਨੁਸਾਰ ਇਕੋ ਜੇਹੀਆਂ ਹਨ।

ਸ਼ ਤੇ ਸ ਦੀ ਆਵਾਜ਼ ਅਡਰੋ ਅੱਡਰੀ ਹੈ ਇਸ ਲਈ ਸ਼ ਨੂੰ ਸ ਦਾ ਚਿਨ੍ਹ ਗੂੜ੍ਹਾ ਕਰ ਕੇ ਲਿਖਿਆ ਜਾਂਦਾ ਹੈ। (ਜਿਥੇ ਸ ਹੋਰ ਸੰਖੇਪ ਹੋ ਜਾਏਗਾ ਉਥੋਂ ਵੀ ਇਹ ਨਿਯਮ ਲਾਗੂ ਹੋਵੇਗਾ)। 

—ਸ਼ਾਦ ਸ਼ਾਮ ਸ਼ਕ ਸ਼ਰਕਾਂ ਸ਼ਰਮਾ ਸ਼ਰਧਾ ਸ਼ਕੀ ਸ਼ਾਮਾਂ ਖ਼ਸ਼ ਸ਼ਰਾਬ। 

 ਐ ਾ ਸ ਤੋ ਾ ਸ

ਜਿਥੇ ਾ ਤੇ ਸ ਜਾਂ ਅ ਾ ਤੇ ਸ ਇਕਠੇ ਆਵਣ ਉਥੇ ਇਹਨਾਂ ਨੂੰ ਾ ਦੇ ਚੱਕਰ ਵਿਚ ਸ ਦੀ ਬਿੰਦੀ ਲਾ ਕੇ ਲਿਖਿਆ ਜਾਂਦਾ ਹੈ। ਜਿਵੇਂ—

ਖਾਸ ਮਾਸ ਪਾਸ ਰਾਸ ਹਾਸ ਆਸਰਾ ਪਾਸਕੂ





ਖਰਾਸ ਚਾਸਕੂ ਬਾਸਮਤੀ ਮਰਾਸੀ ਲਾਸ ਨਾਸ।

## ਇਕੋ ਸ਼ਬਦ

ਪੰਜਾਬੀ ਬੋਲੀ ਵਿਚ ਕਈ ਸ਼ਬਦਾਂ ਤੇ ਜ਼ੋਰ ਪਾਉਣ ਲਈ ਉਹਨਾਂ ਨੂੰ ਦੋ ਵਾਰੀ ਉਚਾਰਿਆ ਜਾਂਦਾ ਹੈ। ਪਰ ਸੰਖੇਪ ਲਿਪੀ ਵਿਚ ਦੋਵੇਂ ਨਹੀਂ ਲਿਖੇ ਜਾਂਦੇ। ਕੇਵਲ ਇਕ

Sri Satguru Jagjit Singh Ji Elibrary NamdhariElibrary@gmail.com

ਦੇ ਚਿਨ੍ਹ ਨੂੰ ਲਿਖ ਕੇ ਉਸ ਅਗੇ ਦੋ ਟਿਕਾਂ ਲਾਈਆਂ ਜਾਂਦੀਆਂ ਹਨ।

ਕਰ ਕਰ ਲੜ ਲੜ ਮਰ ਮਰ ਤਰ ਤਰ ਫਿਰ ਫਿਰ ਚਲ ਚਲ ਦਰ ਦਰ ਨਸ ਨਸ।



## ਇਕੋ ਅੱਖਰ

ਜਿਥੇ ਦੋ ਇਕ ਅੱਖਰ ਨਾਲ ਨਾਲ ਆਵਣ ਤੇ ਉਹਨਾਂ ਵਿਚਕਾਰ ਕੋਈ ਵੱਡੀ ਆਵਾਜ਼ ਦੀ ਮਾਤਰ ਨ ਆਏ ਤਾਂ ਇਕ ਅੱਖਰ ਦਾ ਚਿਨ੍ਹ ਲਿਖ ਕੇ ਉਸ ਉਪਰ ਇਕ ਟਿਕ ਅੱਡਰੀ ਲਾਈ ਜਾਂਦੀ ਹੈ। ਜਿਸ ਦਾ ਭਾਵ ਇਹ ਹੈ ਕਿ ਇਸ ਨੂੰ ਇਕ ਵਾਰੀ ਹੋਰ ਪੜ੍ਹੋ।

ਕਕਰ ਲਲਤਾ ਲਲੀ ਮਮੀ ਚੁਚੀ ਕੁਕੂ ਕੁਕੜ



ਫੁਫੀ ਸਸਤਾ ਲਲੀ ਬਿਬ



## ਸ਼ਬਦ ਸੰਖੇਪ

ਵਧੇਰੀ ਰਫਤਾਰ ਨਾਲ ਲਿਖਣ, ਵਡੇ ਵਡੇ ਜੋੜਾਂ ਤੋਂ ਬਚਣ ਤੇ ਪੜ੍ਹਨ ਦੀ ਆਸਾਨੀ ਲਈ ਸ਼ਬਦ ਦੋ ਸਾਧਨਾਂ ਨਾਲ ਸੰਖੇਪ ਕੀਤੇ ਜਾ ਸਕਦੇ ਹਨ (ਕੇਵਲ ਵਡੇ ਵਡੇ ਸ਼ਬਦ

Sri Satguru Jagjit Singh Ji Elibrary NamdhariElibrary@gmail.com

ਹੀ ਸੰਖੇਪ ਕੀਤੇ ਜਾਣ । ਸ਼ਬਦਾ ਦਾ ਹਿਸਾ ਛਡਣ ਲਗਿਆਂ ਇਸ ਗਲ ਦਾ ਖ਼ਿਆਲ ਰਖਣਾ ਪਵੇਗਾ ਕਿ ਜੋ ਚਿਨ੍ਹ ਲਿਖ ਰਹੇ ਹਾਂ ਇਸ ਤੋਂ ਅਸਲੀ ਸ਼ਬਦ ਦਾ ਪਤਾ ਲਗ ਜਾਏਗਾ।

## (੧) ਅੰਤਲਾ ਕੁਝ ਹਿਸਾ ਛਡ ਕੇ:—

ਪਰੋਫੈਸਰ ਪਰੋਗਰਾਮ ਪਰੌਣਚਾਰੀ





## (੨) ਵਿਚਕਾਰੋਂ ਛਡ ਕੇ:—

ਕਾਬਲੀਅਤ ਮਲਕੀਅਤ ਸਰਮਾਏਦਾਰੀ



4ਦ

## ਅਭਿਆਸ ੧੯

ਗੁਰਮੁਖੀ ਲਿਪੀ ਤੇ ਸੰਖੇਪ ਲਿਪੀ ਦੇ ਵਿਸਰਾਮ ਚਿਨ੍ਹਾਂ ਵਿਚ ਕੀ ਮਤ ਭੇਦ ਹੈ । ਨਿਮਨ-ਲਿਖਤ ਵਿਸਰਾਮ ਚਿਨ੍ਹਾਂ ਨੂੰ ਗੁਰਮੁਖੀ ਲਿਪੀ ਵਿਚ ਲਿਖੋ ?

Sri Satguru Jagjit Singh Ji Elibrary NamdhariElibrary@gmail.com

## ਅਭਿਆਸ ੨੦

(ੳ) ( ˘ ) ਅੱਧਕ ਨੂੰ ਸੰਖੇਪ ਲਿਪੀ ਵਿਚ ਕਿਵੇਂ ਲਿਖਿਆ ਜਾਂਦਾ ਹੈ?

(ਅ) ਰ ਪੈਰੀਂ ਆਏ ਤਾਂ ਕਿਵੇਂ ਲਿਖਿਆ ਜਾਂਦਾ ਹੈ?

(ੲ) ਸ਼ਬਦ ਸੰਖੇਪ ਤੋਂ ਕੀ ਭਾਵ ਹੈ? ਇਵੇਂ ਕਰਨ ਦੀ ਕੀ ਲੋੜ ਹੈ?

(ਸ) ਸ਼ ਤੇ । ਸ ਜਾਂ ਅ । ਸ ਦਾ ਕੀ ਚਿਨ੍ਹ ਹੈ?

## ਅਭਿਆਸ ੨੧

ਕਾਬਲੀਅਤ, ਪਰੋਫੈਸਰ, ਮਮਤਾ, ਲਲਤਾ, ਕਕਰ, ਚਲ ਚਲ, ਹੁਲ ਹੁਲ, ਮਿਲ ਮਿਲ, ਸਾਫ਼ ਸਾਫ਼ ਮਾਸ ਸਾਦ, ਕਾਲਾ (ਨਾਂ) ਅੱਧ ਅੱਖ, ਮੱਤ ਤੇ ਪੱਤ।

## ਅਭਿਆਸ ੨੨

ਗੁਰਮੁਖੀ ਲਿਪੀ ਵਿਚ ਲਿਖੋ।



Sri Satguru Jagjit Singh Ji Elibrary NamdhariElibrary@gmail.com

# ਕਾਂਡ ੬

## ਕੁੰਡੀਆਂ

ਤ ਥ ਤੇ ਲ ਨੂੰ ਕੁੰਡੀਆਂ ਨਾਲ ਸੰਖੇਪ ਕੀਤਾ ਜਾਂਦਾ ਹੈ। ਇਹ ਕੁੰਡੀਆਂ ਅਖਰੀ ਚਿਨ੍ਹਾਂ ਨੂੰ ਸ਼ੁਰੂ ਵਿਚ ਖਬੇ ਹੱਥ ਤੇ ਅਖੀਰ ਵਿਚ ਸਜੇ ਹਥ ਵਲ ਲਗਦੀਆਂ ਹਨ। ਇਹ ਕੁੰਡੀਆਂ ਸਾਰੇ ਅੱਖਰ ਚਿਨ੍ਹਾਂ ਨਾਲ ਨਿਮਨ-ਲਿਖਤ ਢੰਗ ਨਾਲ ਲਗਦੀਆਂ ਹਨ। ਇਹਨਾਂ ਨੂੰ ਧਿਆਨ ਨਾਲ ਸਮਝੋ ਤੇ ਠੀਕ ਲਿਖਣ ਦਾ ਯਤਨ ਕਰੋ।

**ਤ** ਦੀ ਕੁੰਡੀ ਜਿਵੇਂ ਥਲੇ ਦੇ ਅੱਖਰਾਂ ਨਾਲ ਲਿਖੀ ਗਈ ਹੈ।

**ਥ** ਜਿਵੇਂ ਤ ਦੇ ਚਿਨ੍ਹ ਨੂੰ ਗੂੜ੍ਹਾਂ ਕਰ ਕੇ ਥ ਲਿਖਿਆ ਜਾਂਦ ਹੈ। ਇਵੇਂ ਤ ਦੀ ਕੁੰਡੀ ਨੂੰ ਥ ਲਈ ਗੂੜ੍ਹਾ ਕੀਤਾ ਜਾਂਦਾ ਹੈ।

**ਲ** ਦੀ ਕੁੰਡੀ ਤ ਦੀ ਕੁੰਡੀ ਤੋਂ ਵੱਡੀ ਹੈ। ਲਿਖੀ ਬਿਲਕੁਲ ਤ ਦੀ ਕੁੰਡੀ ਵਾਂਗ ਹੀ ਜਾਂਦੀ ਹੈ।

Sri Satguru Jagjit Singh Ji Elibrary NamdhariElibrary@gmail.com



# ਨੋਟ

ਤ ਥ ਤੇ ਲ ਨੂੰ ਚਿਨ੍ਹ ਨਾਲ ਕੇਵਲ ਇਨ੍ਹਾਂ ਹਾਲਤਾਂ ਵਿਚ ਹੀ ਲਿਖਿਆ ਜਾਏਗਾ।

(੧) ਜਦੋਂ ਤ ਥ ਜਾਂ ਲ ਸ਼ਬਦ ਦਾ ਇਕੋ ਇਕ ਅੱਖਰ ਹੋਣ। ਜਿਵੇਂ ਅਤੇ ਅਲ ਵਿਚ।

(੨) ਇਨ੍ਹਾਂ ਤੋਂ ਪਹਿਲਾਂ ਕੋਈ ਵਡੀ ਆਵਾਜ਼ ਦੀ ਮਾਤਰ ਆਏ ਜਿਵੇਂ ਕੀਲ ਯਾ ਖੇਤ ਵਿਚ।

(੩) ਇਹਨਾਂ ਨਾਲ ਿ ਤੋਂ ਛੁਟ ਕੋਈ ਹੋਰ ਵੱਡੀ ਅਵਾਜ਼ ਦੀ ਮਾਤਰ ਆਏ ਜਿਵੇਂ ਕੌਲ ਖੇਤ ਵਿਚ।

ਕਤ ਤਕ ਕਥ ਥਕ ਲਕ ਕਲ



ਲਿਪੀ ਪਿਲ ਬਲ ਲਬ ਪਥਰ ਲੜ।



ਥਰ ਰਥ ਰਲ ਲਰ ਤਬ ਤਕਬਰ



Sri Satguru Jagjit Singh Ji Elibrary NamdhariElibrary@gmail.com

# ੀ ਤ ਥ ਤੇ ਲ ਨਾਲ

ਜਦੋਂ ੀ ਤ ਥ ਜਾਂ ਲ ਨਾਲ ਆਏ ਤਾਂ ਕੁੰਡੀਆਂ ਉਲਟੀ ਸੰਮਤ ਵਿਚ ਲਿਖੀਆਂ ਜਾਣ। ਭਾਵ (ਸ਼ੁਰੂ ਵਿਚ ਸਜੇ ਹਥ ਤੇ ਅਖੀਰ ਵਿਚ ਖਬੇ ਹਥ ਵਲ) ਕੁੰਡੀਆਂ ਉਲਟੀਆਂ ਲਿਖੀਆਂ ਜਾਣ ਤਾਂ ੀ ਦੀ ਜਮਾਂ ਦਰਸਾਂਦੀਆਂ ਹਨ।

ਤੀਰਥੀ ਤੀਕਰ ਪਿਲੀ ਲਲੀ ਤਲੀ



ਮਤੀ ਵਤੀ ਲੀਕ ਕਲੀ



## ਕੁੰਡੀਆਂ ਜੋੜ

(੧) ਇਹ ਕੁੰਡੀਆਂ ਇਕ ਦੂਜੀ ਨਾਲ ਇਕੱਠੀਆਂ ਤੇ ਜੁੜਵੀਆਂ ਵੀ ਲਿਖੀਆਂ ਜਾ ਸਕਦੀਆਂ ਹਨ। ਪਰ ਪਹਿਲੀ ਕੁੰਡੀ ਆਪਣੀ ਠੀਕ ਹਾਲਤ ਵਿਚ ਹੀ ਲਿਖੀ ਜਾਂਦੀ ਹੈ ਤੇ ਦੂਜੀ ਦੀ ਸੰਮਤ ਉਲਟੀ ਹੋ ਜਾਂਦੀ ਹੈ।

(੨) ਇਹ ਕੁੰਡੀਆਂ । ਤੇ ਸ (ਅਗਲੇ ਕਾਂਡ ਵਿਚ ਵਰਣਨ ਕੀਤਾ ਗਿਆ ਹੈ) ਦੇ ਚੱਕਰਾਂ ਨਾਲ ਵੀ ਜੁੜੀਆਂ ਆ ਸਕਦੀਆਂ ਹਨ।

Sri Satguru Jagjit Singh Ji Elibrary NamdhariElibrary@gmail.com

ਰਾਤ ਮਾਤ ਪਾਤ ਪਰਾਤ ਬਾਤ ਚਾਲ ਕਾਲ



ਨਾਲ ਪਤਤ ਲਲਤਾ ਮਲਤ ਪਲਤ।



## ਅਭਿਆਸ ੨੩

ਗੁਰਮੁਖੀ ਲਿਪੀ ਵਿਚ ਲਿਖੋ।



## ਅਭਿਆਸ ੨੪

ਚਾਲ, ਬਾਤ, ਤਪ, ਕਾਲ, ਦਲਾਲ, ਕਤਲ, ਤਿਤਲੀ, ਕਲੀ, ਲਲੀ, ਲੀਕ, ਕਲ, ਮਲ, ਚਲ, ਲਚਕ, ਲਿਪੀ, ਸ਼ੱਕ, ਦਿਲ, ਚਲ, ਮਤ, ਬਰ ਬਰ।

Sri Satguru Jagjit Singh Ji Elibrary NamdhariElibrary@gmail.com

## ਅਭਿਆਸ ੨੫

ਸੰਖੇਪ ਲਿਪੀ ਵਿਚ ਲਿਖੋ।

(੧) ਦਿਲ ਦਾ ਹਾਲ ਦਸ। (੨) ਨ ਤਕ। (੩) ਘਰ ਚਲ। (੪) ਰਾਖਾ ਬੈਠ ਜਾ। (੫) ਖੀਰ ਵਿਚ ਖੰਡ ਪਾ। (੬) ਮੈਂ ਨਹੀਂ ਜਾਣਾ ਜੀ। (੭) ਕੀ ਕਰਾਂ। (੮) ਹਾਂ ਜੀ। (੯) ਮੇਰਾ ਹੱਥ ਨਾ ਮਰੋੜ। (੧੦) ਦੇਰ ਨ ਲਾ।

## ਅਭਿਆਸ ੨੬

ਗੁਰਮੁਖੀ ਲਿਪੀ ਵਿਚ ਲਿਖੋ।

(੧) (੨) (੩) (੪) (੫) (੬) (੭) (੮) (੯) (੧੦)



Sri Satguru Jagjit Singh Ji Elibrary NamdhariElibrary@gmail.com

# ਕਾਂਡ ੭

ਰ ਜਿਸ ਅੱਖਰ ਦੇ ਚਿਨ੍ਹ ਨੂੰ ਦੁਗਣਾ ਕੀਤਾ ਜਾਏ ਉਸ ਨਾਲ ਰ ਲਗ ਜਾਂਦਾ ਹੈ। ਭਾਵ ਰ ਨੂੰ ਸੰਖੇਪ ਕਰਨ ਲਈ ਇਸ ਤੋਂ ਪਹਿਲੇ ਅੱਖਰ ਦੇ ਚਿਨ੍ਹ ਨੂੰ ਦੁਗਣਾ ਕਰ ਦਿਓ। ਇਹ ਨਿਯਮ ਇਹਨਾਂ ਹਾਲਤਾਂ ਵਿਚ ਲਾਗੂ ਨਹੀਂ ਹੁੰਦਾ। ਜਦੋਂ ਰ ਸ਼ਬਦ ਦਾ ਇਕੋ ਇਕ ਜਾਂ ਪਹਿਲਾ ਅੱਖਰ ਹੋਏ। ਜਾਂ ਇਸ ਤੋਂ ਪਹਿਲੇ ਅੱਖਰ ਨਾਲ ਵਡੀ ਆਵਾਜ਼ ਦੀ ਮਾਤਰ ਆਏ।

ਕਰ ਚਰ ਲਰ ਮਰ ਡਰ ਪਰ ਤਰ ਦਰ ਯਰਕ



ਦਰਜ ਧਰਮ ਕਰਜ ਪਰੀ ਦਰੀ ਤੁਰੀ



ਬਰਫ਼ ਪਰਖ ਕਰੀ ਹਰੀ।



ਨ ਰ ਵਾਂਗ ਨ ਨੂੰ ਸੰਖੇਪ ਲਿਖਣ ਲਈ ਇਸ ਤੋਂ ਪਹਿਲੇ ਅੱਖਰ ਦੇ ਚਿਨ੍ਹ ਨੂੰ ਅੱਧਾ ਕਰ ਦਿਤਾ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਇਹ ਨਿਯਮ ਉਸ ਸਮੇਂ ਲਾਗੂ ਨਹੀਂ ਹੁੰਦਾ ਜਿਸ ਸਮੇਂ ਨ ਸ਼ਬਦ ਦਾ ਇਕੋ ਇਕ ਜਾਂ ਪਹਿਲਾ ਅੱਖਰ ਹੋਵੇ। ਜਾਂ ਇਸ ਤੋਂ ਪਹਿਲਾਂ ਵਡੀ ਆਵਾਜ਼ ਦੀ ਮਾਤਰ ਆਉਂਦੀ ਹੋਵੇ।

ਕਨ ਮਨ ਸਨ ਹਨ ਦਿਨ ਪਿਨ ਮਿਨ ਬਿਨਾ



ਰੌਕਨ ਗਗਨ ਪਬਨ ਗਿਨਤੀ ਜੁਗਨੂੰ ਗੁਨਾਂ



ਮਨਤਰ ਬੁਨਤੀ ਪਰਨ ਕਰਨ।



ਨ ਅੱਖਰ ਚਿਨ੍ਹ ਅੱਧਾ ਕਰਨ ਤੋਂ ਛੁਟ ਨ ਨੂੰ ਇਕ ਬਿੰਦੀ ਲਾ ਕੇ ਵੀ ਲਿਖਿਆ ਜਾਂਦਾ ਹੈ। ਇਹ ਬਿੰਦੀ ਸ਼ਬਦ ਚਿਨ੍ਹ ਵਿਚ ਉਸ ਥਾਂ ਤੇ ਲਗਦੀ ਹੈ। ਜਿਸ ਥਾਂ ਨ ਆਇਆ ਹੋਵੇ। ਇਹ ਬਿੰਦੀ ਮਾਤ੍ਰਿਕ ਅਰ ਅੱਖਰ ਚਿਨ੍ਹਾਂ ਸਭ ਤੇ ਆ ਸਕਦੀ ਹੈ।

ਕਰਨ ਮਰਨ ਹਰਨ ਧਰਨ ਪਤਨ ਕੁਰਾਨ



Sri Satguru Jagjit Singh Ji Elibrary NamdhariElibrary@gmail.com

ਧਰਾਨ ਨਕਲ ਙਣਣ ਨੁਕਲ ਨੁਕਸ ਚਰਾਨ



ਚਰਨ ਨੀਰ ਤੀਨ ਪਾਣੀ ਨਿਰਾ ਨੂਰ।



## ਇਕੋ ਅੱਖਰ

ਜਿਵੇ ਬ, ਚ, ਭ, ਢ, ਰ, ਹ, ਦ, ਙ, ਕ, ਖ ਦੇ ਨਾਲ ਨ ਆਏ ਤੇ ਅੱਖਰ ਚਿਨ੍ਹ ਅੱਧਾ ਹੋ ਜਾਏ ਤੇ ਉਸ ਦੇ ਨਾਲ ਫਿਰ ਉਹੋ ਅੱਖਰ ਆਏ ਤਾਂ ਇਨ੍ਹਾਂ ਨੂੰ ਵਿਚਕਾਰ ਇਕ ਟਿਕ ਲਾ ਕੇ ਜੋੜਿਆ ਜਾਂਦਾ ਹੈ। ਜਿਵੇਂ—ਕਣਕ ਚਨਚਲ।



**ਸ**—ਨੂੰ ਸੰਖੇਪ ਕਰਨ ਲਈ ਇਸ ਨੂੰ ੧ ਵਾਂਗ ਇਕ ਨਿੱਕੇ ਚੱਕਰ ਨਾਲ ਲਿਖਿਆ ਜਾਂਦਾ ਹੈ। ਇਹ ਚੱਕਰ ਅੱਖਰ ਚਿਨ੍ਹਾਂ ਮਾਤਰਾਂ ਤੇ ਕੁੰਡੀਆਂ ਨਾਲ ਆ ਸਕਦਾ ਹੈ। ਸ ਦੇ ਚੱਕਰ ਦਾ ਨਿਯਮ ਕੇਵਲ ਉਸ ਸਮੇਂ ਨਹੀਂ ਲਾਗੂ

Sri Satguru Jagjit Singh Ji Elibrary NamdhariElibrary@gmail.com

ਹੁੰਦਾ ਜਦੋਂ ਸ ਸ਼ਬਦ ਦਾ ਇਕੋ ਇਕ ਅੱਖਰ ਹੋਵੇ ਜਾਂ ਇਸ ਨਾਲ ੀ ਤੋਂ ਛੁਟ ਕੋਈ ਹੋਰ ਵੱਡੀ ਆਵਾਜ਼ ਦੀ ਮਾਤਰ ਆਏ।

ਸਰ ਸਭ ਸੱਪ ਮੱਸ ਰਸ ਰਸਦ



ਮਸਤ ਸਰਦਾਰੀ ਸ਼ਰਧਾ ਸੰਦਨ ਸਤਰ ਸਫਾਪ



ਮਸਤਕ ਚਰਸ ਮਧ ਸਕਤ ਸ਼ਕਤੀ ਸ਼ਰਮ।



ਹ—ਜਦੋਂ ਕਿਸੇ ਸ਼ਬਦ ਦੇ ਆਰੰਭ ਵਿਚ ਆਏ ਤਾਂ ਇਸ ਨੂੰ ਚਿਨ੍ਹ ਦੀ ਥਾਂ ਇਕ ਟਿਕ ਲਾ ਕੇ ਵੀ ਲਿਖਿਆ ਜਾਂਦਾ ਹੈ।



ਹਤਕ ਹਸਦ ਹਮਲ ਹੋਨ ਹੱਕ ਹੁੱਣ ਹੀਰ ਹੀਰਾ ਹਕੂਮਤ।



## ਸ਼ਬਦ-ਜੋੜ

ਦੋ ਜਾਂ ਵਧੀਕ ਸ਼ਬਦ ਜੋੜਕੇ ਲਿਖੇ ਜਾਣ ਤਾਂ ਉਨ੍ਹਾਂ

Sri Satguru Jagjit Singh Ji Elibrary NamdhariElibrary@gmail.com

ਨੂੰ ਸ਼ਬਦ-ਜੋੜ ਕਿਹਾ ਜਾਂਦਾ ਹੈ। ਸ਼ਬਦ-ਜੋੜ (ਸ਼ਬਦ ਸੰਖੇਪ ਦੀ ਵਰਤੋਂ ਕਰਦਿਆਂ ਹੋਇਆਂ ਵੀ) ਲਿਖੇ ਜਾ ਸਕਦੇ ਹਨ। ਕੇਵਲ ਇਸ ਗੱਲ ਦਾ ਧਿਆਨ ਜ਼ਰੂਰੀ ਹੈ ਕਿ ਸ਼ਬਦ-ਜੋੜਾਂ ਦੇ ਚਿਨ੍ਹ ਇਨੇ ਲੰਮੇ ਨਹੀਂ ਹੋਣੇ ਚਾਹੀਦੇ ਕਿ ਪੜ੍ਹਨ ਲਗਿਆਂ ਤਕਲੀਫ਼ ਹੋਏ।

ਕਰੋ ਜੀ    ਮੁਬ ਮੇਂ    ਤਦ ਵੀ    ਕਿਸੇ ਕੰਮ ਈ



## ਸ਼ਬਦ-ਚਿਨ੍ਹ ੩

ਤੁਸੀਂ ਤੁਸਾਂ    ਕਾਂਗਰਸ ਅਕਾਲੀ ਹੋਣਾ ਹੋਰ

ਤੁਹਾਡਾ ਤੁਹਾਡੇ ਉਨ੍ਹਾਂ ਇਨ੍ਹਾਂ ਕੀਓ ਕਿਵੇਂ ਸ੍ਰੀ ਮਤੀ



ਸ਼ਬਦ-ਚਿਨ੍ਹਾਂ, ਸ਼ਬਦ-ਜੋੜਾਂ, ਸ਼ਬਦ-ਸੰਖੇਪ ਤੇ ਇਨ੍ਹਾਂ ਦੀ ਵਰਤੋਂ, ਰਫਤਾਰ ਵਧਾਉਣ ਦੇ ਅਭਿਆਸ ਤੇ ਇਸ ਕਿਤਾਬ ਦੇ ਅਭਿਆਸਾਂ ਦੇ ਹਲ ਲਈ ਕਿਤਾਬ "ਕੁੰਜੀ ਸ਼ਬਦ-ਜੋੜ ਤੇ ਅਭਿਆਸ" ਜ਼ਰੂਰ ਪੜ੍ਹੋ। ਮੁਲ -/12/-

Sri Satguru Jagjit Singh Ji Elibrary    NamdhariElibrary@gmail.com

ਸ੍ਰੀ ਮਾਨ ਤੁਹਾਡੀ ਤੁਹਾਡੀਆਂ ਸ੍ਰੀ ਸਰਦਾਰ ਸਾਹਿਬ ਸ੍ਰੀ:

ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ

ਸਤਿ ਸ੍ਰੀ ਅਕਾਲ ਬੋਲੇ ਸੋ ਨਿਹਾਲ ਜਾਣ ਇਸ ਅਸੀਂ

ਉਦਾ. ਸਾਡਾ ਸਾਡੇ ਸਾਡੀਆਂ ਸਾਡਿਆਂ।

[illegible]

[illegible]

## ਅਭਿਆਸ ੨੭

ਸੰਖੇਪ ਲਿਪੀ ਵਿਚ ਲਿਖੋ।

ਮਰਦ ਪਰਦਾ ਕਰਦਾ ਦਰ, ਹਿਰਦਾ, ਸ਼ਰਧਾ, ਤੁਸੀਂ, ਚਿਰ, ਕਨਕ, ਕਵਾਰੀ, ਦਸਦੀ ਬੁਨਦੀ, ਚਨਚਲ, ਪੁਰਾਨ, ਧਰਾਨ, ਨਿਰਨਾ, ਕਰਨਾ, ਕੋਰਨ, ਮਰਨ, ਤੁਰਾਨ, ਪੁਰਾਨ, ਨਕਲ, ਸਦਨ, ਸਤਰ, ਸਲਾਮ, ਰਸਦ, ਸਦਾ, ਸਕੀ, ਹਕ, ਹਲਾਲ, ਹਟਕ,

## ਅਭਿਆਸ ੨੯

ਗੁਰਮੁਖੀ ਲਿਪੀ ਵਿਚ ਲਿਖੋ।



## ਅਭਿਆਸ ੨੯

ਗੁਰਮੁਖੀ ਲਿਪੀ ਵਿਚ ਲਿਖੋ।



## ਅਭਿਆਸ ੩੦

ਸੰਖੇਪ ਲਿਪੀ ਵਿਚ ਲਿਖੋ।

੧. ਮੈਂ ਉਸ ਹਦ ਤਕ ਠੀਕ ਹਾਂ। ੨. ਇਹ ਕੋਈ ਗੁਝੀ ਛਿਪੀ ਗਲ ਨਹੀਂ। ੩. ਫਰਾਂਸ ਦੀ ਤਹਿਰੀਕ ਸ਼ਲਾਘਾ ਯੋਗ ਹੈ। ੪. ਸ਼ੇਰ ਗਰਜਦਾ ਹੈ। ੫. ਕੁਤੇ ਭੌਂਕਦੇ ਹਨ। ੬. ਹਿਰਨ ਦੌੜਦਾ ਹੈ। ੭. ਮੇਰਾ ਦਿਲ ਧਕ ਧਕ ਕਰਦਾ ਹੈ। ੮. ਘੋੜੇ ਦੀ ਵਾਗ ਫੜ ਦੇ। ੯. ਮੈਂ ਬਿਆਕੁਲ ਬੈਠਾ ਹਾਂ। ੧੦. ਤੂੰ ਕੀ ਚਾਹੁੰਦਾ ਹੈਂ। ੧੧. ਉਹ ਕਤਾਬ ਦੇ। ੧੨. ਉਹ ਛੇਤੀ ਛੇਤੀ ਰਗੜਦਾ ਸੀ।

Sri Satguru Jagjit Singh Ji Elibrary NamdhariElibrary@gmail.com

## ਅਭਿਆਸ ੩੧

ਸੰਖੇਪ ਲਿਪੀ ਵਿਚ ਲਿਖੋ।

ਯਮ ਅਮਰ ਨਾਥ ਦੇ ਪ੍ਰਵਾਰ ਦਾ ਜਨਮ ਦਾ ਵੈਰੀ ਸੀ, ਇਸ ਦੇ ਪ੍ਰਵਾਰ ਵਿਚੋਂ ਕੋਈ ਵੀ ਅਮਰ ਪਦਵੀ ਪਾਏ ਉਹ ਯਮ ਨੂੰ ਨਹੀਂ ਭਾਉਂਦਾ ਸੀ। ਸਭ ਦੇ ਸਰਵਨਾਸ਼ ਹੋ ਕੇ ਮਿਟੀ ਵਿਚ ਮਿਲ ਜਾਣ ਨਾਲ ਹੀ ਉਸ ਨੂੰ ਰਜ ਆਉਂਦਾ ਸੀ। ਬਸ ਉਸ ਦੀ ਇਹੋ ਇੱਛਾ ਸੀ ਕਿ ਮੇਰਾ ਪ੍ਰਵਾਰ ਸਦਾ ਅਮਰ ਰਹੇ।

## ਅਭਿਆਸ ੩੨

ਗੁਰਮੁਖੀ ਲਿਪੀ ਵਿਚ ਲਿਖੋ।



# ਕਾਂਡ ੮

## ਮਾਤ੍ਰਿਕ ਜੋੜ

ਦੋ ਜਾਂ ਵਧੇਰੇ ਮਾਤ੍ਰਿਕ ਆਵਾਜ਼ਾਂ ਇਕੱਠੀਆਂ ਆਵਣ ਤਾਂ ਮਾਤ੍ਰਿਕ ਜੋੜ ਕਿਹਾ ਜਾਂਦਾ ਹੈ। ਵਖ ਵਖ ਜੋੜਾਂ ਦਾ ਵਖ ਵਖ ਵਰਨਣ ਕੀਤਾ ਜਾਂਦਾ ਹੈ।

### ੲ ੇ ਾ ਿ ਤੇ ਾ ੇ

ਇਨ੍ਹਾਂ ਦੀਆਂ ਆਵਾਜ਼ਾਂ ਰਲ ਕੇ ੈ ਦੀ ਆਵਾਜ਼ ਦੇਂਦੀਆਂ ਹਨ ਇਸ ਲਈ ਇਨ੍ਹਾਂ ਨੂੰ ੈ ਦੇ ਚਿਨ੍ਹ ਨਾਲ ਹੀ ਲਿਖਿਆ ਜਾਂਦਾ ਹੈ।

ਜਾਇਦਾਦ ਕਰਾਇ ਮਾਇਕਾ ਜਾਇਗਾ



Sri Satguru Jagjit Singh Ji Elibrary NamdhariElibrary@gmail.com

ਕਹਾਏਗੀ ਦਵਾਇਗੀ।



ਾ ੀ

ਇਨ੍ਹਾਂ ਦੋਹਾਂ ਮਾਤਰਾਂ ਦੇ ਜੋੜਾਂ ਨੂੰ ਇਨ੍ਹਾਂ ਦੇ ਆਪਣੇ ਚਿਨ੍ਹਾਂ ਨਾਲ ਹੀ ਲਿਖਿਆ ਜਾਂਦਾ ਹੈ।

ਖਤਾਈ ਲਾਈ ਕਾਈ ਵਧਾਈ ਸਵਾਈ



ਾ ਿ ਾ—ਾ ੀ ਾ—ਾ ੀ ਾ—ਾ ਿ ਾ

ਇਨ੍ਹਾਂ ਨੂੰ ਦਰਸਾਉਣ ਲਈ ਕੋਣ ਖੱਬੇ ਹੱਥ ਵਲ ਦੀ ਲਾਈ ਜਾਂਦੀ ਹੈ। ਇਹ ਕੋਣ ਸ਼ਬਦ ਚਿਨ੍ਹ ਤੋਂ ਅਡਰੀ ਲਿਖੀ ਜਾਏਗੀ।

ਮਲਾਇਆ ਕਮਾਇਆ ਚਲਾਇਆ ਵਟਾਇਆ



ਭਰਮਾਇਆ ਗਵਾਇਆ।



Sri Satguru Jagjit Singh Ji Elibrary NamdhariElibrary@gmail.com

# ਾ ਉ ਣ ਾ—ਾ ਉ ਣੀ—ਾ ਉ ਨ ਾ—ਾ ਉ ਨੀ

ਇਨ੍ਹਾਂ ਜੋੜਾਂ ਨੂੰ ਦਰਸਾਉਣ ਲਈ ਉਵੇਂ ਦੀ ਕੌਣ ਸਜੇ ਹਥ ਵਲ ਦੀ ਲਿਖੀ ਜਾਂਦੀ ਹੈ। ਇਹ ਕੌਣ ਸ਼ਬਦ ਚਿਨ੍ਹ ਤੋਂ ਅੱਡਰੀ ਲਿਖੀ ਜਾਂਦੀ ਹੈ।

ਗਾਉਣਾ ਪਾਉਣਾ ਸਾਉਣਾ ਲਿਆਉਣਾ ਦਵਾਉਣਾ



ਲਾਉਣਾ ਖਵਾਉਣਾ।



# ਈ ੀ

ਇਸ ਨੂੰ ਲੂਪ ਨਾਲ ਲਿਖਿਆ ਜਾਂਦਾ ਹੈ। ਇਹ ਲੂਪ ਸ਼ੁਰੂ ਵਿਚ ਆਏ ਤਾਂ ਥੱਲੇ ਵੱਲ, ਜੇ ਅਖ਼ੀਰ ਵਿਚ ਆਏ ਤਾਂ ਉਪਰ ਵਲ ਲਿਖੀ ਜਾਂਦੀ ਹੈ। ਭਾਵ ਇਹ ਲੂਪ ਜੋੜ ਅੱਖਰ-ਚਿਨ੍ਹ ਦੇ ਪੁਠੇ ਪਾਸੇ ਵਲ ਮਰੋੜਾ ਖਾਂਦੀ ਹੈ। ਜਿਵੇਂ ਕਿ—

ਕਈ ਮਈ ਲਈ ਬਈ ਗਈ ਪਈ



ਦਈ ਸਈ ਵਹੀ।



Sri Satguru Jagjit Singh Ji Elibrary NamdhariElibrary@gmail.com

ਿ ੀ ਿ ਾ ੀ ੀ ੀ ਾ--ਿ ਅ ਾ ਿ ਅ ਾ

ਇਨ੍ਹਾਂ ਨੂੰ ਵੀ ਲੂਪ ਨਾਲ ਹੀ ਲਿਖਿਆ ਜਾਂਦਾ ਹੈ। ਪਰ ਇਹ ਲੂਪ ਸ਼ੁਰੂ ਵਿਚ ਉਪਰ ਵਲ ਤੇ ਅਖੀਰ ਵਿਚ ਥੱਲੇ ਵੱਲ ਲਿਖੀ ਜਾਏਗੀ। ਭਾਵ ਇਹ ਲੂਪ ਅੱਖਰ ਚਿੰਨ੍ਹ ਦੇ ਸਿੱਧੇ ਪਾਸੇ ਮਰੋੜਾ ਖਾਏਗੀ।

ਕਰਦਿਆਂ ਮਰਦਿਆਂ ਸਰਦਿਆਂ ਜਰਦਿਆਂ



ਰਚੀਆਂ ਮਸਮੀਆਂ ਸਰਦੀਆਂ ਫਿਰਦੀਆਂ ਤੁਰਦੀਆਂ



ਚਲਦੀਆਂ ਚੜ੍ਹਦੀਆਂ ਚਰਦਿਆਂ ਡਰਦੀਆਂ ਜਰਦੀਆਂ



ੋ ੀ ੋ ਈ

ਇਨ੍ਹਾਂ ਜੋੜਾਂ ਨੂੰ ਲਿਖਣ ਲਈ ਕੋਈ ਵੱਖਰਾ ਚਿੰਨ੍ਹ ਨਹੀਂ। ਇਨ੍ਹਾਂ ਦੇ ਆਪਣੇ ਚਿੰਨ੍ਹਾਂ ਨਾਲ ਹੀ ਲਿਖੇ ਜਾਂਦੇ ਹਨ।

ਕੋਈ ਮਲੋਈ ਲੋਈ ਹੋਈ ਸੋਈ ਨਰੋਈ ਜੋਈ

Sri Satguru Jagjit Singh Ji Elibrary NamdhariElibrary@gmail.com



## ਾ ਓ ਾ ਓ ਿ ਓ ੀ ਓ

ਇਨ੍ਹਾਂ ਨੂੰ ਲਿਖਣ ਲਈ ਸ਼ਬਦ ਚਿੰਨ੍ਹਾਂ ਤੋਂ ਅੰਤਰੀ ਕੋਣ ਉਪਰ ਵਲ ਦੀ ਲਿਖੀ ਜਾਂਦੀ ਹੈ।

ਗਾਓ ਜਾਓ ਲਿਆਉ ਪਿਆਓ ਰਾਓ ਘਿਓ



ਜੀਓ ਪੀਓ।



## ਨਾ ਣਾ

ਇਨ੍ਹਾਂ ਜੋੜਾਂ ਨੂੰ ਕੋਣ ਥੱਲੇ ਵਲ ਦੀ ਲਿਖ ਕੇ ਦੱਸਿਆ ਜਾਂਦਾ ਹੈ।

ਖਾਣਾ ਦਾਨਾ ਜਾਣਾ ਲਾਣਾ ਪਕਾਣਾ ਲਮਕਾਣਾ



## ਾ ਨੀਆਂ ਾ ਨਿਆ

ਇਨ੍ਹਾਂ ਜੋੜਾਂ ਨੂੰ ਲੂਪ ਸ਼ਬਦ ਚਿੰਨ੍ਹ ਤੋਂ ਅੰਤਰੀ

Sri Satguru Jagjit Singh Ji Elibrary NamdhariElibrary@gmail.com

ਲਿਖ ਕੇ ਦਰਸਾਇਆ ਜਾਂਦਾ ਹੈ।

ਕਾਨੀਆਂ ਕਹਾਨੀਆਂ ਹਾਨੀਆਂ ਮਾਨੀਆਂ



ਜਾਨੀਆਂ ਪਕਾਨੀਆਂ ਦਾਨੀਆਂ, ਮੁਲਾਨੀਆਂ ਖੁਰਮਾ-



ਨੀਆਂ ਹਟਾਨੀਆਂ ਚਵਾਨੀਆਂ, ਖਾਨੀਆਂ।



## ਅ ਨ

ਇਸ ਨੂੰ ਲਿਖਣ ਲਈ ਅ ਦੀ ਟਿਕ ਨੂੰ ਗੂੜ੍ਹਾ ਕਰ ਦਿਤਾ ਜਾਂਦਾ ਹੈ। ਜਿਵੇਂ ਕਿ- ਪਿਛੇ ਦੱਸਿਆ ਜਾ ਚੁਕਾ ਹੈ।

ਅਨਜਾਣ ਅਨਮਾਨ ਅਨਜਲ।



## ਸ਼ਬਦ ਚਿੰਨ੍ਹ ੪

ਹੋਏ ਆਉਂਦਾ ਆਉਂਦੇ ਆਉਂਦੀ ਆਉਂਦੀਆਂ



Sri Satguru Jagjit Singh Ji Elibrary NamdhariElibrary@gmail.com

ਆਉਂਦਿਆਂ ਹੁਣ ਹੁਣੇ ਸਾਨੂੰ ਤੁਹਾਨੂੰ

ਕੀਤਾ ਕੀਤਿਆਂ ਕੀਤੀ ਕੀਤੀਆਂ ਦਿੱਤੀ ਦਿੱਤੀਆਂ

ਦਿੱਤਿਆਂ ਦਿਤਾ ਬਹੁਤ ਚਾਹੀਦਾ ਚਾਹੁੰਦਾ ਚਾਹੁੰਦੀ

ਹੋ ਲਈ ਫਤਿਹ ਗਿਆ ਡਾਕਟਰ ਪਿਆਰ

ਪਿਆਰੀ ਪਿਆਰੇ ਸੇਵਕ ਦਾਸ ਸ਼ੁਭ ਚਿੰਤਕ ਦਰਸ਼ਨ

ਅਭਿਲਾਖੀ ਹੁੰਦਾ ਹੁੰਦੀ ਹੁੰਦੀਆਂ ਹੁੰਦਿਆਂ।

ਸੰ: ੭/੫

Sri Satguru Jagjit Singh Ji Elibrary NamdhariElibrary@gmail.com

## ਅਭਿਆਸ ੩੩

ਗੁਰਮੁਖੀ ਲਿੱਪੀ ਵਿਚ ਲਿਖੋ।



## ਅਭਿਆਸ ੩੪

ਸੰਖੇਪ ਲਿੱਪੀ ਵਿਚ ਲਿਖੋ।

ਪਰਾਏ, ਕਰਾਏਦਾਰ, ਨਾਈ, ਵਧਾਈ, ਘਸਾਈ, ਲਈ, ਕਈ, ਮਈ, ਬਈ, ਦਈ, ਕਮਾਇਆ, ਗਵਾਇਆ, ਮਲਾਇਆ, ਚੁਰਾਇਆ, ਗਾਉਣਾ, ਨਚਾਉਣਾ, ਕਰਦਿਆਂ, ਮਰਦਿਆਂ, ਧਰਦਿਆਂ, ਹਰਦਿਆਂ, ਜੋਈ, ਢੋਈ, ਲੋਈ, ਹੋਈ, ਦਾਨਾ, ਪੁਰਾਨਾ, ਜੀਓ, ਮਧਾਨੀਆਂ ਕਾਨੀਆਂ, ਜਾਨੀਆਂ।

## ਅਭਿਆਸ ੩੫

ਗੁਰਮੁਖੀ ਲਿੱਪੀ ਵਿਚ ਲਿਖੋ।

Sri Satguru Jagjit Singh Ji Elibrary NamdhariElibrary@gmail.com



## ਅਭਿਆਸ ੩੯

ਸੰਖੇਪ ਲਿੱਪੀ ਵਿਚ ਲਿਖੋ।

੧. ਇਸ ਨੂੰ ਪੜ੍ਹ ਕੇ ਮਨੁੱਖ ਤੇ ਤੀਵੀਆਂ ਭਲੀ ਪ੍ਰਕਾਰ ਸਮਝ ਸਕਦੇ ਹਨ।

੨. ਜਿਲਦ ਸਮੇਤ ਤਸਵੀਰਾਂ ਵਾਲੀ ਦਾ ਮੁੱਲ, ਅੱਠ ਰੁਪੈ ਹੈ।

੩. ਕਾਂਗਰਸ ਦਾ ਪਪਵਾਂ ਇਜਲਾਸ ਹੋ ਰਿਹਾ ਹੈ।

੪. ਇਹ ਜਲਸਾ ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਬੜੀ ਧੂਮ ਧਾਮ ਨਾਲ ਹੋ ਰਿਹਾ ਹੈ।

੫. ਹਿੰਦ ਦੀ ਅਜ਼ਾਦੀ ਸੰਬੰਧੀ ਜਨਰਲ ਮੋਹਨ ਸਿੰਘ ਜੀ ਦੀ ਤਹਿਰੀਕ ਉੱਤਮ ਤੇ ਸ਼ਲਾਘਾ ਯੋਗ ਹੈ।

੬. ਸੰਗ ਨੇ ਸਤਿਆਗ੍ਰਹਿ ਸ਼ੁਰੂ ਕੀਤਾ ਹੋਇਆ ਹੈ।

Sri Satguru Jagjit Singh Ji Elibrary NamdhariElibrary@gmail.com

੭. ਪੰਜਾਬੀ ਸੂਬੇ ਦੀ ਮੰਗ ਕਿਸੇ ਵੀ ਹਾਲਤ ਵਿਚ ਫ਼ਿਰਕੂ ਨਹੀਂ ਕਹੀ ਜਾ ਸਕਦੀ।

## ਅਭਿਆਸ ੩੭

ਗੁਰਮੁਖੀ ਲਿਪੀ ਵਿਚ ਲਿਖੋ।

(ੳ)



(ਅ)



Sri Satguru Jagjit Singh Ji Elibrary NamdhariElibrary@gmail.com

## ਅਭਿਆਸ ੩੮

ਸੰਖੇਪ ਲਿਪੀ ਵਿਚ ਲਿਖੋ।

ਇਸ ਲਈ ਜਦੋਂ ਸਾਰਾ ਕੰਮ ਸੰਪੂਰਨ ਕਰ ਕੇ ਅੰਮਰ ਨਾਥ ਆਪਣਾ ਨਾਮ ਸਤਾਰਿਆਂ ਨਾਲ ਲਿਖਣ ਦੀ ਕੋਸ਼ਿਸ਼ ਕਰ ਰਿਹਾ ਸੀ, ਐਨ ਉਸੇ ਵੇਲੇ ਯੱਮ ਆ ਧਮਕਿਆ।

## ਅਭਿਆਸ ੩੯

ਗੁਰਮੁਖੀ ਲਿਪੀ ਵਿਚ ਲਿਖੋ।



## ਅਭਿਆਸ ੪੦

ਹਿੰਦੁਸਤਾਨ ਦੇ ਨਵੇਂ ਆਈਨ ਦਾ ਖਰੜਾ ਛਾਪ ਕੇ ਦੇਸ਼ ਭਰ ਵਿਚ ਵੰਡਿਆ ਗਿਆ ਹੈ ਤੇ ਉਸ ਸੰਬੰਧੀ ਜਨਤਾ ਨੂੰ ਆਪਣੇ ਮਤ ਪ੍ਰਗਟ ਕਰਨ ਦੀ ਖੁਲ੍ਹ ਦਿਤੀ ਗਈ ਹੈ।

Sri Satguru Jagjit Singh Ji Elibrary NamdhariElibrary@gmail.com

ਵਧਾਨ ਸਭਾ ਦੇ ਦਫ਼ਤਰ ਵਿਚ ਹੁਣ ਤਕ ੧੦੦੦ ਤਰਮੀਮਾਂ ਪੁਜੀਆਂ ਹਨ। ਜਿਨ੍ਹਾਂ ਵਿਚ ਅਗਲੇ ਸਮਾਗਮ ਵਿਚ ਬਹਿਸ ਕਰ ਕੇ ਆਈਨ ਨੂੰ ਪਾਸ ਕਰ ਦਿਤਾ ਜਾਏਗਾ। ਨਵੇਂ ਆਈਨ ਅਨੁਸਾਰ ਜੋ ਚੋਣਾ ਕਰਾਈਆਂ ਜਾਣਗੀਆਂ ਉਨ੍ਹਾਂ ਦੀ ਮਿਆਦ ਪੰਜ ਸਾਲ ਦੀ ਹੋਵੇਗੀ।

## ਅਭਿਆਸ ੪੧

ਸਾਇੰਸ ਉਸ ਹਦ ਤਕ ਠੀਕ ਹੈ, ਜਿਸ ਹਦ ਤਕ ਦਾਈਆਂ ਠੀਕ ਹੁੰਦੀਆਂ ਹਨ, ਤੇ ਕਈ ਵਾਰੀ ਦਾਈਆਂ ਦੇ ਦੁਧ ਨਾਲ ਅਸੀਂ ਛੇਤੀ ਵਡੇ ਹੋ ਜਾਂਦੇ ਹਾਂ, ਪਰ ਸਮਾਂ ਆਉਂਦਾ ਹੈ ਜਦ ਕੋਇਲ ਦਾ ਪੁੱਤ ਕਾਉਣੀ ਤੋਂ ਅਡ ਹੋ ਜਾਂਦਾ ਹੈ ਜਾਂ ਬੱਤਖ਼ ਦਾ ਚੂਚਾ ਪਾਣੀ ਵਿਚ ਛਾਲ ਮਾਰ ਕੇ ਤਰਨ ਲਗ ਪੈਂਦਾ ਹੈ ਤੇ ਕੁਕੜੀ ਪਿਛਾਂਹ ਮੂੰਹ ਦੇਖਦੀ ਰਹਿ ਜਾਂਦੀ ਹੈ। ਤੀਕਣ ਹੀ ਸਾਡੀ ਪਰਮ-ਮਿੱਤ੍ਰ ਪਰਮ-ਸਨੇਹੀ ਅੰਮੜੀ 'ਨਾਮ' ਹੈ–ਇਸ ਨੇ ਕੁਝ ਦੇਰ ਲਈ ਸਾਨੂੰ ਸਾਇੰਸ ਜਾਂ ਆਖੋ ਮਾਇਆ–ਦੇਵੀ ਦੇ ਪਲੇ ਸੌਂਪਿਆ ਹੋਇਆ ਹੈ।

## ਅਭਿਆਸ ੪੨



Sri Satguru Jagjit Singh Ji Elibrary NamdhariElibrary@gmail.com



## ਅਭਿਆਸ ੪੩

ਮਨੁਖੀ ਦਿਮਾਗ਼ ਤੇ ਮਨ ਦੀਆਂ ਕੁਝ ਤੰਦਾਂ ਏਨੀਆਂ ਸੂਖਮ ਹੁੰਦੀਆਂ ਹਨ ਕਿ ਉਹ ਸਿਰਫ਼ ਮਾਤ੍ਰੀ ਬੋਲੀ ਦੀ ਲਚਕ ਵਿਚ ਹੀ ਪ੍ਰਫੁਲਿਤ ਪਾ ਸਕਦੀਆਂ ਹਨ। ਪੰਜਾਬ ਦੀ ਮਾਤ੍ਰੀ ਬੋਲੀ ਵਿਚ ਜੋਬਨ ਦੀ ਲਚਕ ਨਾ ਹੋਣ ਕਰ ਕੇ ਪੰਜਾਬੀ ਲਿਆਕਤ ਬੇ-ਵਿਕਾਸ ਰਹਿ ਗਈ। ਪੰਜਾਬ ਦੇ ਪਾਣੀ ਕਿੰਨੇ ਹੀ ਅਮੀਰ ਪਏ ਹੋਣ, ਪੰਜਾਬ ਦੀ ਧਰਤੀ ਕੇਡੀਆਂ ਹੀ ਮੋਟੀਆਂ ਕਣਕਾਂ ਪਈ ਉਗਾਏ, ਆਪਣੀ ਮਾਂ ਦਾ ਆਤਮਕ ਦੁਧ ਪੀਤੇ ਬਿਨਾਂ ਪੰਜਾਬ ਦੇ ਲੋਕ ਹਿੰਦੁਸਤਾਨ ਵਿਚ ਸਿਰਫ਼ ਮੋਟੀਆਂ ਧੌਣਾਂ ਤੇ ਪਲਮਦੇ ਵੰਨ੍ਹਾਂ ਵਾਲੇ ਢਗੇ ਹੀ ਸਮਝੇ ਜਾਣਗੇ।

## ਅਭਿਆਸ ੪੪



Sri Satguru Jagjit Singh Ji Elibrary NamdhariElibrary@gmail.com



ਇਸ ਪੁਸਤਕ ਦਾ ਚਰਬਾ ਅਰੋੜਬੰਸ ਪ੍ਰੈਸ ਕਟੜਾ ਸ਼ੇਰ ਸਿੰਘ ਅੰਮ੍ਰਿਤਸਰ ਵਿਚ ਸ: ਬੂਟਾ ਸਿੰਘ ਦੇ ਪ੍ਰਬੰਧ ਹੇਠ ਤਿਆਰ ਹੋਇਆ ਤੇ ਲਿਥੋ ਦੀ ਛਪਵਾਈ ਵਜ਼ੀਰ ਹਿੰਦ ਪ੍ਰੈਸ ਹਾਲ ਬਾਜ਼ਾਰ ਅੰਮ੍ਰਿਤਸਰ ਵਿਚ ਹੋਈ।

Sri Satguru Jagjit Singh Ji Elibrary NamdhariElibrary@gmail.com

## ਛਪ ਰਹੀ ਹੈ

# ਗੁਰਮੁਖੀ ਟਾਇਪ ਇਨਸਟ੍ਰਕਟਰ

ਲਗਣ, ਖੋਜ, ਮਿਹਨਤ ਤੇ ਪ੍ਰੀਸ਼ਰਮ ਦਾ ਸਿੱਟਾ ਅਸੀਂ ਹੁਣ ਗੁਰਮੁਖੀ ਲਿਪੀ ਵੀ ਅੰਗਰੇਜ਼ੀ ਵਾਂਗ ਵਧੇਰੀ ਰਫਤਾਰ ਨਾਲ ਟਾਇਪ ਕਰ ਸਕਦੇ ਹਾਂ।

## ਛਪ ਰਹੀ ਹੈ

# ਕੁੰਜੀ, ਸ਼ਬਦ ਜੋੜ ਤੇ ਅਭਿਆਸ

ਇਸ ਕਤਾਬ ਵਿਚ ਰਫਤਾਰ ਵਧਾਉਣ ਦੇ ਅਭਿਆਸ, ਸ਼ਬਦ ਜੋੜ, ਸ਼ਬਦ ਚਿਨ੍ਹ, ਸ਼ਬਦ ਸੰਖੇਪ ਤੇ ਸਰਦੂਲ ਸੰਖੇਪ ਲਿਪੀ ਕਤਾਬ ਦੇ ਸਾਰੇ ਅਭਿਆਸਾਂ ਦਾ ਹਲ ਦਿਤਾ ਗਿਆ ਹੈ।

ਮੂਲ ।॥)

ਮੈਨੇਜਰ–

**ਸ: ਸਰਦੂਲ ਸਿੰਘ ਇੰਸਟੀਟਿਊਸ਼ਨ**
ਕਟੜਾ ਖ਼ਜ਼ਾਨਾ, ਅੰਮ੍ਰਿਤਸਰ।

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com